**੧ੴ ਸਤਿਗੁਰ ਪ੍ਰਸਾਦਿ**

# ਭੂਮਿਕਾ

ਇਸ ਸਾਲ ੨੦੦੮ ਸਾਰੇ ਭਾਰਤ ਵਾਸੀਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਗੁਰਤਾ-ਗੱਦੀ ਦੇ ੩੦੦ਵੇਂ ਸਾਲਾ ਗੁਰਪੁਰਬ ਦੇ ਰੂਪ ਵਿਚ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਸ਼ਟਰ ਦੇ ਸਾਰੇ ਖਿੱਤਿਆਂ ਤੇ ਸਮਾਜਿਕ ਵਰਗਾਂ ਦੀ ਅਗਵਾਈ ਕਰਦੀ ਹੈ। ਇਸ ਲਈ ਇਸ ਨੂੰ ਇਕ ਰਾਸ਼ਟਰੀ ਪਰਵ ਦੇ ਰੂਪ ਵਿਚ ਮਨਾਉਣ ਲਈ ਦੇਸ਼ ਵਾਸੀ ਬੜੀ ਗਰਮ ਜੋਸ਼ੀ ਨਾਲ ਚਾਹਵਾਨ ਹਨ।

ਸੰਨ ੧੭੦੮ ਵਿਚ, ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਗੁਰਤਾ-ਗੱਦੀ ਬਖ਼ਸ਼ਿਸ਼ ਕੀਤੀ ਸੀ ਤੇ ਬਾਣੀ ਰੂਪ ਨੂੰ ਗੁਰੂ ਰੂਪ ਵਿਚ ਸਥਾਪਿਤ ਕੀਤਾ ਸੀ। ਅੱਜ ਇਸ ਲਈ ਗੁਰਤਾ-ਗੱਦੀ ਦੀ ਤੀਜੀ ਸ਼ਤਾਬਦੀ ਦਾ ਸਮਾਗਮ ਮਨਾਇਆ ਜਾ ਰਿਹਾ ਹੈ। ਸੰਪੂਰਨ ਭਾਰਤੀ ਪੱਧਰ 'ਤੇ ਮਨਾਏ ਜਾਣ ਵਾਲੇ ਗੁਰਤਾ-ਗੱਦੀ ਸਮਾਗਮ ਸਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ, ਇਤਿਹਾਸ, ਗੁਰਬਾਣੀ ਦੀ ਜੀਵਨ-ਜਾਚ ਅਤੇ ਇਸ ਦੇ ਸਭਿਆਚਾਰ ਨਜ਼ਰੀਏ ਦੇ ਮਹੱਤਵ ਆਦਿ ਵਿਸ਼ੇ ਨੂੰ ਦੇਸ਼ ਦੇ ਸਾਰੇ ਵਿਦਿਆਰਥੀਆਂ ਦੀ ਜਾਣਕਾਰੀ ਨੂੰ ਵਧਾਉਣ ਵਾਲੇ ਹਨ। ਇਹ ਗਿਆਨ ਅਤੇ ਅਗਲੀ ਪੀੜ੍ਹੀ ਦਾ ਸਹੀ ਰਸਤਾ ਦਿਖਾਉਣ ਵਾਲਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰਬਾਣੀ, ਗੁਰ ਸ਼ਬਦ ਦਾ ਸਰੂਪ ਅਕਾਲ ਹੈ। ਪ੍ਰਮਾਤਮਾ ਨੂੰ ਅਕਾਲ ਪੁਰਖ ਕਿਹਾ ਗਿਆ ਹੈ। ਅਰਥਾਤ ਪ੍ਰਮਾਤਮਾ ਦੀ ਹੋਂਦ ਕਲ੍ਹ ਸੀ, ਅੱਜ ਹੈ ਅਤੇ ਕਲ੍ਹ ਵੀ ਰਹੇਗੀ। ਇਕ ਅਕਾਲ ਪੁਰਖ ਪ੍ਰਮਾਤਮਾ ਦੀ ਉਸਤਤ ਤੇ ਬੰਦਨਾਂ ਗੁਰਮਤ ਦਾ ਮੂਲ ਉਦੇਸ਼ ਹੈ। ਇਸ ਲਈ ਇਹ ਵਿਚਾਰ ਮਜ਼ਬੂਤੀ ਦੇ ਨਾਲ ਸਾਹਮਣੇ ਆਇਆ ਹੈ ਕਿ ਸਨਾਨਤ ਕਾਲ ਤੋਂ ਗੁਰੂ ਸ਼ਬਦ ਸੀ, ਅੱਜ ਵੀ ਹੈ, ਇਸ ਤਰ੍ਹਾਂ ਗੁਰਮਤ ਦਾ ਇਹ ਮੱਤ ਆਪਣੇ ਆਪ ਹੀ ਸਪਸ਼ਟ ਹੋ ਜਾਂਦਾ ਹੈ ਕਿ ਧਰਮ, ਪ੍ਰਮਾਤਮਾ ਦੀ ਉਸਤਤ ਅਰਦਾਸ, ਗੁਰ ਸ਼ਬਦ ਦੀ ਹੋਂਦ ਅਨਾਦਿ ਕਾਲ ਤੋਂ ਹੈ ਅਤੇ ਇਸ ਦਾ ਨਿਰੰਤਰ ਪ੍ਰਵਾਹ ਚਲ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧੩੦੯ 'ਤੇ ਦਰਜ ਸ਼ਬਦ ਇਸ ਤਰ੍ਹਾਂ ਹੈ :-

**ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ।**
**ਤ੍ਰੇਤੈ ਤੈ ਮਾਣਿਓ ਰਾਮ ਰਘੁਬੰਸ ਕਹਾਇਓ।**
**ਦੁਆਪਰਿ ਕ੍ਰਿਸ਼ਨ ਮੁਰਾਰਿ ਕੰਸੁ ਕਿਰਤਾਰਥ ਕੀਓ।**
**ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ।**
**ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ।**
**ਸ੍ਰੀ ਰਾਜੁ ਅਬਿਚਲ ਅਟਲ ਆਦਿ ਪੁਰਖਿ ਫੁਰਮਾਇਓ।**

ਭਾਰਤ ਇਕ ਤੋਂ ਜ਼ਿਆਦਾ ਵਿਚਾਰਾਂ ਵਾਲਾ ਜ਼ਿੰਦਾ ਰੂਹਾਨੀ ਸੋਚ ਵਾਲਾ ਸਮਾਜ ਹੈ। ਅਕਾਲ ਪੁਰਖ ਪ੍ਰਮਾਤਮਾ ਦੇ ਸਰੂਪ ਅਤੇ ਸੁਭਾਓ ਦੇ ਬਾਰੇ ਗੁਰਬਾਣੀ ਵਿਚ ਇਹ ਦਰਜ ਹੈ :-

**ਸਭੈ ਸਾਝੀਵਾਲ ਸਦਾਇਨ ਤੂ ਕਿਸੈ ਨ ਦਿਸਹਿ ਬਾਹਰਾ ਜੀਓ।।** ਅੰਗ ੯੭

ਵਿਦਿਆਰਥੀਆਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਨੂੰ ਵਧਾਉਣ ਲਈ ਇਕ ਪ੍ਰਸ਼ਨ ਉਤਰ ਇਮਤਿਹਾਨ ਦੇ ਪ੍ਰੋਗਰਮਾ ਨੂੰ ਉਲ ਿਕਆ ਗਿਆ ਹੈ। ਇਸ ਮੁਕਾਬਲੇ ਦੀ ਨਜ਼ਰ ਨਾਲ ਇਹ ਕਿਤਾਬ "**ਚਲੋ ਗੁਰੂ ਦੇ ਦੁਵਾਰ**" ਦੀ ਰਚਨਾ ਕੀਤੀ ਗਈ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ, ਉਸ ਦੇ ਸਰੂਪ ਅਤੇ ਉਸ ਦੇ ਇਤਿਹਾਸ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਏਗੀ।

ੴ ਸਤਿਗੁਰ ਪ੍ਰਸਾਦਿ

# ਚਲੋ ਗੁਰੂ ਦੇ ਦੁਵਾਰ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਖੇਪ ਇਤਿਹਾਸ

ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਗਮਨ ਦੇ ਨਾਲ ਹੀ ਵਿਲੱਖਣ ਨਾਮ-ਤੱਤ ਸਿਮਰਨ ਵਾਲੀ ਜੀਵਨ-ਜਾਚ ਦੀ ਵੀ ਸ਼ੁਰੂਆਤ ਹੁੰਦੀ ਹੈ। ਧਰਮ ਦੇ ਪ੍ਰਚਾਰ ਲਈ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅਲੱਗ-ਅਲੱਗ ਦਿਸ਼ਾਵਾਂ 'ਚ ਜਿਹੜੀਆਂ ਯਾਤਰਾਵਾਂ ਕੀਤੀਆਂ, ਉਹਨਾਂ ਨੂੰ ਉਦਾਸੀ ਕਿਹਾ ਜਾਂਦਾ ਹੈ। ਇਹਨਾਂ ਉਦਾਸੀਆਂ ਦੇ ਦੌਰਾਨ ਸ੍ਰੀ ਗੁਰੂ ਨਾਨਕ ਦੇਵੀ ਨੇ ਜੋ ਬਾਣੀ ਉਚਾਰਣ ਕੀਤੀ ਉਸ ਨੂੰ ਇਕ ਗ੍ਰੰਥੀ ਪੋਥੀ ਸਾਹਿਬ ਵਿਚ ਦਰਜ ਵੀ ਕੀਤਾ। ਇਸ ਦਾ ਜ਼ਿਕਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਮਿਲਦਾ ਹੈ :-

**ਆਸਾ ਹਥਿ ਕਿਤਾਬ ਕਛਿ ਕੂਜ਼ਾ ਬਾਂਗ ਮੁਸੱਲਾ ਧਾਰੀ।।**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਵਿਚ ਸੁਲਤਾਨਪੁਰ, ਸਹਿਦਪੁਰ (ਏਮਨਾਬਾਦ), ਸਿਆਲਕੋਟ, ਪਾਣੀਪਤ, ਦਿੱਲੀ, ਅਯੁੱਧਿਆ, ਹਰਿਦੁਆਰ, ਕਾਸ਼ੀ, ਨਾਨਕ ਮਤਾ ਊਧਮ ਨਗਰ, ਟਾਡਾ ਬਣਜਾਰਾ ਜ਼ਿਲ੍ਹਾ ਰਾਮਪੁਰ ਕਾਮਰੂਪ (ਅਸਾਮ) ਆਦਿਕ ਇਲਾਕਿਆਂ 'ਚ ਕੀਤੀ। ਇਸ ਉਦਾਸੀ ਵਿਚ ਸੱਤ ਵਰ੍ਹੇ ਲੱਗੇ। ਗੁਰੂ ਦੇਵ ਦੀ ਦੂਜੇ ਉਦਾਸੀ ਵਿਚ ਵੀ ਸੱਤ ਵਰੇ ਹੀ ਲੱਗੇ। ਉਸ ਉਦਾਸੀ ਦੋਰਾਨ ਉਹਨਾਂ ਨੇ ਦੂਰ-ਦੁਰਾਡੇ ਦੇ ਦੱਖਣੀ ਖੇਤਰਾਂ ਦੀ ਯਾਤਰਾ ਕੀਤੀ। ਅੱਜ ਦੇ ਕਰਨਾਟਕ ਸੂਬੇ ਦੇ ਸ਼ਹਿਰ ਬਿਦਰ ਨੂੰ ਇਸ ਨਜ਼ਰੀਏ ਨਾਲ ਇਤਿਹਾਸਕ ਮੰਨਿਆ ਜਾਂਦਾ ਹੈ। ਇਸ ਉਦਾਸੀ ਵਿਚ ਓਹਨਾਂ ਨੇ ਧਨਾਸਰੀ, ਸੁੰਦਰਬਨ, ਤਿਲੰਗਾਨਾ, ਮਾਲਾਬਾਰ ਖੇਤਰ ਵਿਚ ਧਰਮ ਦਾ ਪ੍ਰਚਾਰ ਕਰਦੇ ਹੋਏ, ਗੁਰਬਾਣੀ ਨੂੰ ਉਚਾਰਦੇ ਹੋਏ ਪੋਥੀ ਸਾਹਿਬ ਦੀ ਸਿਰਜਨਾ ਕਰਦੇ ਰਹੇ। ਤੀਜੀ ਉਦਾਸੀ ਵਿਚ—ਗੁਰੂ ਦੇਵ ਜੀ ਮਹਾਰਾਜ ਨੇ ਪੰਜ ਸਾਲ ਬਤੀਤ ਕੀਤੇ। ਗੁਰਬਾਣੀ ਦੇ ਸੰਚਾਰ-ਪ੍ਰਚਾਰ ਦੀ ਮੁਹਿੰਮ ਵਿਚ ਕਸ਼ਮੀਰ, ਸੁਮੇਰ ਪਰਬਤ, ਲੱਦਾਖ, ਤਿੱਬਤ, ਨੇਪਾਲ, ਹਿੰਦੁਸਤਾਨ ਦੇ ਪੂਰਬ ਉਤਰ ਖੇਤਰ ਤੁਰਕਮੇਨਿਸਤਾਨ, ਤਜਾਕਿਸਤਾਨ ਆਦਿਕ ਖਿੱਤੇ ਸ਼ਾਮਲ ਹਨ ਜਿਥੇ ਗੁਰੂ ਚੀ ਨੇ ਯਾਤਰਾਵਾਂ ਕੀਤੀਆਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਚੌਥੀ ਉਦਾਸੀ ਦਦੌਰਾਨ ਅਫ਼ਗਾਨਿਸਤਾਨ, ਇਰਾਨ, ਅਜਰਵਾਈਜ਼ਾਨ ਅਤੇ ਅਰਬ ਉਪ-ਮਹਾਦੀਪ ਦੀਆਂ ਯਾਤਰਾਵਾਂ ਕੀਤੀਆਂ। ਉਹ ਵਿਸ਼ੇਸ਼ ਰੂਪ ਵਿਚ ਵਰਣਨਯੋਗ ਮੁਸਲਮਾਨੀ ਤੀਰਥ ਸਥਾਨ **ਮੱਕਾ ਅਤੇ ਮਦੀਨਾ** ਵੀ ਗਏ। ਇਸ ਉਦਾਸੀ ਵਿਚ ਤਕਰੀਬਨ ਤਿੰਨ ਵਰੇ ਲੱਗੇ। ਪੰਜਵੀਂ ਉਦਾਸੀ ਵਿਚ ਦੋ ਸਾਲ ਦਾ ਸਮਾਂ ਲੱਗਾ ਅਤੇ ਯਾਤਰਾਵਾਂ ਦਾ ਦਾਇਰਾ ਪੰਜਾਬ ਖੇਤਰ ਹੀ ਸੀ।

ਪਹਿਲੇ ਗੁਰੂ ਨਾਨਕ ਦੇਵ ਜੀ ਨੇ **ਭਾਈ ਲਹਿਣਾ ਜੀ** ਨੂੰ ਦੂਸਰੇ ਰੂਪ ਵਿਚ ਗੁਰਤਾ-ਗੱਦੀ ਬਖ਼ਸ਼ੀ। ਭਾਈ ਲਹਿਣਾ ਜੀ ਗੁਰੂ ਅੰਗਦ ਦੇਵ ਜੀ ਦੇ ਨਾਂ ਤੋਂ ਜਾਣੇ ਜਾਂਦੇ ਹਨ। ਗੁਰਤਾ-ਗੱਦੀ ਬਖ਼ਸ਼ਣ ਦੌਰਾਨ ਹੀ ਗੁਰਬਾਣੀ ਵਾਲੀ **ਪੋਥੀ ਸਾਹਿਬ** ਗੁਰੂ ਅੰਗਦ ਦੇਵ ਨੂੰ ਸੌਂਪੀ ਗਈ। ਇਸ ਤੋਂ ਬਾਅਦ ਪੋਥੀ ਸਾਹਿਬ ਵਿਚ ਗੁਰੂ ਅੰਗਦ ਦੇਵ ਜੀ ਦੀ ਬਾਣੀ ਦਰਜ ਹੋਈ। ਗੁਰੂ ਮਰਯਾਦਾ ਅਨੁਸਾਰ ਤੀਜੇ ਗੁਰੂ ਅਮਰਦਾਸ ਜੀ ਫਿਰ ਚੌਥੇ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਆਗਮਨ ਹੋਇਆ। ਗੁਰੂ ਬਾਣੀ ਸੰਕਲਨ ਦਾ ਪਵਿੱਤਰ ਕਾਰਜ ਨਿਰੰਤਰ ਚਲਦਾ ਰਿਹਾ।

ਗ਼ੁਲਾਮੀ ਦੇ ਕਾਲ ਵਿਚ ਜਦ ਵਿਦੇਸ਼ੀ ਜਰਵਾਣੇ ਸ਼ਹਿਰ ਦੇ ਸ਼ਹਿਰ ਉਜਾੜ ਰਹੇ ਸਨ, ਤਦ **ਰਾਮਸਰ** ਦੇ ਸਥਾਨ (ਗੁਰੂ ਕਾ ਚੱਕ) ਉਤੇ ਚੌਥੇ ਗੁਰੂ ਰਾਮਦਾਸ

ਜੀ ਨੇ **ਸ੍ਰੀ ਅੰਮ੍ਰਿਤਸਰ ਸ਼ਹਿਰ** ਬਣਾਇਆ। ਜਦ ਗ਼ੁਲਾਮੀ ਦੇ ਕਾਲ ਸਮੇਂ ਵਿਚ ਮੰਦਰ ਲੁਟੇ ਜਾ ਰਹੇ ਸਨ, ਤੋੜੇ ਜਾ ਰਹੇ ਸਨ। ਪੰਚਮ ਗੁਰੂ ਅਰਜਨ ਦੇਵ ਜੀ ਨੇ **ਸ੍ਰੀ ਹਰਿਮੰਦਰ ਸਾਹਿਬ ਜੀ** ਦੀ ਰਚਨਾ ਅੰਮ੍ਰਿਤਸਰ ਦੇ ਵਿਚੋ-ਵਿਚ ਕੀਤੀ। ਸਮੇਂ ਦੇ ਖਰਾਬ ਹਲਾਤਾਂ ਵਿਚ ਜਦ ਸਾਡੇ ਦੇਸ਼ ਦੇ ਧਾਰਮਿਕ ਗ੍ਰੰਥ ਮਹਿਫੂਜ ਨਹੀਂ ਸਨ। **ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਗੁਰਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਸਥਾਪਿਤ ਕੀਤਾ।** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਸੰਨ ੧੬੦੪ (ਸੰਮਤ ੧੬੦੬) ਵਿਚ ਹੋਇਆ। ਉਸ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਨਾਲ ਸਾਰੇ ਪ੍ਰਮੁੱਖ ਸਿੱਖ ਅਤੇ ਹਜ਼ਾਰਾਂ ਸ਼ਰਧਾਲੂਆਂ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਮੰਜੀ ਸਾਹਿਬ ਉਪਰ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਗੁਰਬਾਣੀ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇੰਨਾ ਸਨਮਾਨ ਕਰਦੇ ਸੀ ਕਿ ਗੁਰੁਦੇਵ ਖ਼ੁਦ ਹੇਠਾਂ ਨੀਵੀਂ ਥਾਂ ਬੈਠ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਚੇ ਸਥਾਨ ਤੇ ਬਿਰਾਜਮਾਨ ਕੀਤਾ। ਗੁਰੂ ਅਰਜਨ ਦੇਵ ਜੀ ਨੇ ਪਹਿਲੇ ਗ੍ਰੰਥ ਸਾਹਿਬਾਨ ਦੇ ਤੌਰ ਤੇ ਬਾਬਾ ਬੁੱਢਾ ਜੀ ਨੂੰ ਜ਼ਿੰਮੇਵਾਰੀ ਬਖ਼ਸ਼ੀ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ **ਪਹਿਲਾ ਪ੍ਰਕਾਸ਼** ਹੋਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦੇ ਹੋਏ ਪੰਚਮ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਭਗਤ ਸਾਹਿਬਾਨਾਂ ਦੀ ਬਾਣੀ, ਭੱਟਾਂ ਦੀ ਬਾਣੀ ਅਤੇ ਕੁਝ ਖ਼ਾਸ ਗੁਰਸਿੱਖਾਂ ਦੀ ਬਾਣੀ ਨੂੰ ਵੀ ਕਰਜ ਕੀਤਾ। ਗੁਰਬਾਣੀ ਦੀ ਜੀਵਨ-ਜਾਚ ਅਤੇ ਗੁਰੂ ਪਰੰਪਰਾ ਦੀ ਮੌਜੂਦਗੀ ਵਿਚ ਧਰਮ ਦੇ ਪਵਿੱਤਰ ਕਾਰਜ ਨੇ ਆਮ ਲੋਕਾਂ ਨੂੰ ਪ੍ਰਭਾਵਿਤ ਕੀਤਾ। ਬਾਦ ਵਿਚ ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਵੀ ਇਸੀ ਪਰੰਪਰਾ ਦੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਥਾਨ ਦਿੱਤਾ।

ਸੰਨ ੧੭੦੮ (ਸੰਮਤ ੧੭੬੨ ਬਿਕ੍ਰਮੀ) ਵਿਚ ਦਸਮ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਾਣੀ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ-ਗੱਦੀ ਪ੍ਰਦਾਨ ਕੀਤੀ। ਇਸ ਤੋਂ ਪਹਿਲਾਂ ਦਸ ਜਾਮਿਆਂ ਵਿਚ ਗੁਰੂ ਸਾਹਿਬਾਨਾਂ ਨੇ ਇਸ ਮਹਾਨ ਜ਼ਿੰਮੇਵਾਰੀ ਨੂੰ ਨਿਭਾਇਆ ਸੀ। ਯਾਨੀ ਗੁਰਬਾਣੀ ਰੂਪ ਵਿਚ ਅਕਾਲ ਹਸਤੀ ਹੀ ਭਵਿੱਖ ਵਿਚ ਗੁਰਗੱਦੀ ਤੇ ਬਿਰਾਜਮਾਨ ਰਹੇਗੀ। ਇਸ ਲਈ ਸੰਨ ੨੦੦੮ ਵਿਚ ਸਾਰੇ ਭਾਰਤ ਵਾਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ-ਗੱਦੀ ਦਾ ੩੦੦ਵਾਂ ਸਾਲ ਗੁਰਪੁਰਬ ਰੂਪ ਵਿਚ ਬੜੀ ਧੂਮ-ਧਾਮ ਨਾਲ ਮਨਾ ਰਹੇ ਹਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਵਰੂਪ

ਗੁਰੂ, ਗੁਰਮਤ, ਗੁਰਬਾਣੀ ਅਤੇ ਭਾਰਤੀ ਮਤ-ਮਤਾਂਰਾ ਵਿਚਕਾਰ ਕਿਸ ਦੀ ਸਹਿਜ ਅਵਸਥਾ ਪਾਈ ਜਾਂਦੀ ਹੈ, ਇਸ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਸਮਝਣਾ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਛੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ। ਇਸ ਤੋਂ ਇਲਾਵਾ ਭਾਰਤ ਦੇ ਅਲੱਗ ਖਿੱਤਿਆਂ ਨਾਲ ਸੰਬੰਧਿਤ ੧੫ ਮਹਾਨ ਭਗਤ ਸਾਹਿਬਾਨਾਂ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੪ ਗੁਰਸਿੱਖਾਂ ਅਤੇ ੧੧ ਭੱਟਾਂ ਦੀ ਗੁਰਬਾਣੀ ਵੀ ਦਰਜ ਹੈ। ਅਲੱਗ-ਅਲੱਗ ਸਮਾਜਿਕ ਪਿਛੋਕੜ ਨਾਲ ਸੰਬੰਧ ਰੱਖਣ ਵਾਲੇ ਭਗਤ ਸਾਹਿਬਾਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਹੈ। ਅਖੰਡ ਭਾਰਤ ਦੇ ਨਕਸ਼ੇ ਤੇ ਅਗਰ ਇਹਨਾਂ ਭਗਤ ਸਾਹਿਬਾਨਾਂ ਦੇ ਜਨਮ ਸਥਾਨ ਦਰਜ ਕੀਤੇ ਜਾਣ ਤਾਂ ਇਹ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪੂਰਨ ਭਾਰਤੀ ਸਮਾਜ ਦੀ ਅਗਵਾਈ ਕਰਨ ਵਾਲਾ ਇਕ ਅਧਿਆਤਮਕ ਗ੍ਰੰਥ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਰਚਨਾ ਕਰਨ ਵਾਲੇ ਗੁਰੂ ਸਾਹਿਬਾਨਾਂ, ਭਗਤ ਸਾਹਿਬਾਨਾਂ, ਗੁਰਸਿੱਖਾਂ ਅਤੇ ਭੱਟ ਸਾਹਿਬਾਨਾਂ ਦਾ ਵੇਰਵਾ :

| ਸੀ:ਨੰ: | ਨਾਮ | ਜੀਵਨ-ਕਾਲ | ਪ੍ਰਸ਼ਟ ਭੂਮੀ | ਕੁਲ ਸ਼ਬਦ | ਪ੍ਰਾਂਤ |
|---|---|---|---|---|---|
| ੧. | ਗੁਰੂ ਨਾਨਕ ਦੇਵ ਜੀ | ੧੪੬੯-੧੫੩੯ | ਬੇਦੀ ਖੱਤਰੀ | ੯੭੬ | ਰਾਏ ਭੋਇ ਦੀ ਤਲਵੰਡੀ, ਪੰਜਾਬ (ਪਾਕਿਸਤਾਨ) |
| ੨. | ਗੁਰੂ ਅੰਗਦ ਦੇਵ ਜੀ | ੧੫੦੪-੧੫੫੨ | ਤ੍ਰੇਹਨ, ਖੱਤਰੀ | ੬੨ | ਮੱਤੇ ਦੀ ਸਰਾਂ, ਪੰਜਾਬ |
| ੩. | ਗੁਰੂ ਅਮਰਦਾਸ ਜੀ | ੧੪੭੯-੧੫੭੪ | ਭੱਲੇ, ਖੱਤਰੀ | ੯੦੧ | ਬਾਸਰਕੇ, ਪੰਜਾਬ |
| ੪. | ਗੁਰੂ ਰਾਮਦਾਸ ਜੀ | ੧੫੩੧-੧੫੮੧ | ਸੋਢੀ, ਖੱਤਰੀ | ੯੭੯ | ਲਾਹੌਰ, ਪੰਜਾਬ (ਪਾਕਿਸਤਾਨ) |
| ੫. | ਗੁਰੂ ਅਰਜਨ ਦੇਵ ਜੀ | ੧੫੬੩-੧੬੦੬ | ਸੋਢੀ, ਖੱਤਰੀ | ੨੨੧੬ | ਗੋਇੰਦਵਾਲ, ਪੰਜਾਬ |
| ੬. | ਗੁਰੂ ਤੇਗ ਬਹਾਦਰ ਜੀ | ੧੬੨੧-੧੬੭੪ | ਸੋਢੀ, ਖੱਤਰੀ | ੧੧੬ | ਗੁਰੂ ਕੇ ਮਹਿਲ, ਅੰਮ੍ਰਿਤਸਰ, ਪੰਜਾਬ |
| ੭. | ਭਗਤ ਕਬੀਰ ਜੀ | ੧੩੭੯-੧੪੯੫ | ਜੁਲਾਹਾ | ੫੪੧ | ਵਾਰਾਨਸੀ, ਉਤਰ ਪ੍ਰਦੇਸ਼ |
| ੮. | ਭਗਤ ਨਾਮਦੇਵ ਜੀ | ੧੨੭੦-੧੩੫੦ | ਛੀਂਬਾ | ੬੦ | ਨਾਰਸੀ ਨਾਮਦੇਵ, ਮਹਾਰਾਸ਼ਟਰ |
| ੯. | ਭਗਤ ਰਵਿਦਾਸ ਜੀ | ੧੫ਵੀਂ ਸਦੀ | ਚਮਿਆਰ | ੪੧ | ਵਾਰਾਨਸੀ, ਉਤਰ ਪ੍ਰਦੇਸ਼ |
| ੧੦. | ਸ਼ੇਖ ਫ਼ਰੀਦ ਜੀ | ੧੧੭੩-੧੨੬੫ | ਸੂਫੀ ਫ਼ਕੀਰ | ੧੨੨ | ਕੋਠੀਵਾਲ-ਪਾਕਪਟਨ, ਪੰਜਾਬ (ਪਾਕਿਸਤਾਨ) |
| ੧੧. | ਭਗਤ ਤ੍ਰਿਲੋਚਨ ਜੀ | ੧੨੬੭-੧੩੩੫ | ਬ੍ਰਾਹਮਣ | ੪ | ਵਾਰਸੀ ਗ੍ਰਾਮ, ਮਹਾਰਾਸ਼ਟਰ |
| ੧੨. | ਭਗਤ ਵੇਣੀ ਜੀ | ੧੪ਵੀਂ ਸਦੀ | ਬ੍ਰਾਹਮਣ | ੩ | ਅਸਨੀ ਗ੍ਰਾਮ, ਬਿਹਾਰ |
| ੧੩. | ਭਗਤ ਧੰਨਾ ਜੀ | ਜਨਮ ੧੪੧੩ | ਜਾਟ | ੪ | ਚੋਰੂ ਤਹਿਸੀਲ/ਧੁਆਨ ਨਗਰ, ਰਾਜਸਥਾਨ |
| ੧੪. | ਭਗਤ ਜੈਦੇਵ ਜੀ | ੧੧੭੧-੧੨੦੪ | ਬ੍ਰਾਹਮਣ | ੨ | ਕੇਂਦੂਲੀ, ਵੀਰ ਭੂਮੀ, ਉੜੀਸਾ |
| ੧੫. | ਭਗਤ ਭੀਖਣ ਜੀ | ੧੪੮੦-੧੫੭੩ | ਮੁਸਲਮਾਨ | ੨ | ਕਾਕੋਰੀ, ਉਤਰ ਪ੍ਰਦੇਸ਼ |
| ੧੬. | ਭਗਤ ਸੈਣ ਜੀ | ੧੩੯੦-੧੪੩੦ | ਨਾਈ | ੧ | ਰੀਵਾ, ਮੱਧ ਪ੍ਰਦੇਸ਼ |
| ੧੭. | ਭਗਤ ਪੀਪਾ ਜੀ | ਜਨਮ ੧੪੨੬ | ਖੱਤਰੀ | ੧ | ਗਗਰੋਨ, ਝਾਲਾਵਾੜ, ਰਾਜਸਥਾਨ |

| | | | | | |
|---|---|---|---|---|---|
| ੧੮. | ਭਗਤ ਸਦਨਾ ਜੀ | ੧੫ਵੀਂ ਸਦੀ | ਕਸਾਈ | ੧ | ਸਹਬਾਨ, ਸਿੰਧ |
| ੧੯. | ਭਗਤ ਰਾਮਾਨੰਦ ਜੀ | ੧੩੬੬-੧੪੬੭ | ਬ੍ਰਾਹਮਣ | ੧ | ਵਾਰਾਨਸੀ, ਉਤਰ ਪ੍ਰਦੇਸ਼ |
| ੨੦. | ਭਗਤ ਪਰਮਾਨੰਦ ਜੀ | ੧੫ਵੀਂ ਸਦੀ | ਬ੍ਰਾਹਮਣ | ੧ | ਵਾਰਸੀ, ਮਹਾਰਾਸ਼ਟਰ |
| ੨੧. | ਭਗਤ ਸੂਰਦਾਸ ਜੀ | ੧੬ਵੀਂ ਸਦੀ | ਬ੍ਰਾਹਮਣ | ੧ | ਸੀਹੀ, ਉਤਰ ਪ੍ਰਦੇਸ਼ |
| ੨੨. | ਭਾਈ ਸੁੰਦਰ ਜੀ | ੧੫ਵੀਂ ਸਦੀ | ਖੱਤਰੀ | ੬ | ਪੰਜਾਬ |
| ੨੩. | ਭਾਈ ਸੱਤਾ ਜੀ | ੧੫ਵੀਂ ਸਦੀ | ਡੂਮ | ੩ | ਪੰਜਾਬ |
| ੨੪. | ਭਾਈ ਰਾਇ ਬਲਵੰਡ ਜੀ | ੧੫ਵੀਂ ਸਦੀ | ਡੂਮ | ੫ | ਪੰਜਾਬ |
| ੨੫. | ਭਾਈ ਮਰਦਾਨਾ ਜੀ | ੧੪੫੯-੧੫੩੪ | ਮੁਸਲਮਾਨ, ਮਿਰਾਸੀ | ੩ | ਪੰਜਾਬ |
| ੨੬. | ਭੱਟ ਕਲਸਹਾਰ ਜੀ | ੧੫ਵੀਂ ਸਦੀ | ਬ੍ਰਾਹਮਣ | ੫੪ | ਕਸ਼ਮੀਰ |
| ੨੭. | ਭੱਟ ਜਾਲਪ ਜੀ | ੧੫ਵੀਂ ਸਦੀ | ਬ੍ਰਾਹਮਣ | ੫ | ਕਸ਼ਮੀਰ |
| ੨੮. | ਭੱਟ ਕੀਰਤ ਜੀ | ੧੫ਵੀਂ ਸਦੀ | ਬ੍ਰਾਹਮਣ | ੮ | ਕਸ਼ਮੀਰ |
| ੨੯. | ਭੱਟ ਭੀਖਾ ਜੀ | ੧੫ਵੀਂ ਸਦੀ | ਬ੍ਰਾਹਮਣ | ੨ | ਕਸ਼ਮੀਰ |
| ੩੦. | ਭੱਟ ਸਲਹ ਜੀ | ੧੫ਵੀਂ ਸਦੀ | ਬ੍ਰਾਹਮਣ | ੩ | ਕਸ਼ਮੀਰ |
| ੩੧. | ਭੱਟ ਨਲਹ ਜੀ | ੧੫ਵੀਂ ਸਦੀ | ਬ੍ਰਾਹਮਣ | ੧੬ | ਕਸ਼ਮੀਰ |
| ੩੨. | ਭੱਟ ਭਲਹ ਜੀ | ੧੫ਵੀਂ ਸਦੀ | ਬ੍ਰਾਹਮਣ | ੧ | ਕਸ਼ਮੀਰ |
| ੩੩. | ਭੱਟ ਗਯੰਦ ਜੀ | ੧੫ਵੀਂ ਸਦੀ | ਬ੍ਰਾਹਮਣ | ੧੩ | ਕਸ਼ਮੀਰ |
| ੩੪. | ਭੱਟ ਮਥੁਰਾ ਜੀ | ੧੫ਵੀਂ ਸਦੀ | ਬ੍ਰਾਹਮਣ | ੧੪ | ਕਸ਼ਮੀਰ |
| ੩੫. | ਭੱਟ ਬਲਹ ਜੀ | ੧੫ਵੀਂ ਸਦੀ | ਬ੍ਰਾਹਮਣ | ੫ | ਕਸ਼ਮੀਰ |
| ੩੬. | ਭੱਟ ਹਰਬੰਸ ਜੀ | ੧੫ਵੀਂ ਸਦੀ | ਬ੍ਰਾਹਮਣ | ੨ | ਕਸ਼ਮੀਰ |
| | | ਕੁਲ ਬਾਣੀ ਦਾ ਯੋਗ | | ੫੮੭੩ ਸ਼ਬਦ | |

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤੇ ਗਏ ਅਕਾਲ ਪੁਰਖ ਪ੍ਰਮਾਤਮਾ ਦੇ ਅਲੱਗ-ਅਲੱਗ ਨਾਵਾਂ ਅਤੇ ਉਹਨਾਂ ਦੀ ਵਰਤੋਂ ਸੰਖਿਆ।

| | | | | | | | | |
|---|---|---|---|---|---|---|---|---|
| 1. | ਹਰੀ | 8344 | 14. | ਜਗਦੀਸ਼ | 60 | 26. | ਵਾਹਿਗੁਰੂ | 15 |
| 2. | ਰਾਮ | 2533 | 15. | ਸਤਿਨਾਮ | 59 | 27. | ਬਨਵਾਰੀ | 15 |
| 3. | ਪ੍ਰਭੂ | 1371 | 16. | ਮੋਹਨ | 54 | 28. | ਨਰਸਿੰਘ | 15 |
| 4. | ਗੋਪਾਲ | 431 | 17. | ਅਲਾਹ | 46 | 29. | ਦਾਮੋਦਰ | 9 |
| 5. | ਗੋਬਿੰਦ | 475 | 18. | ਭਗਵਾਨ | 30 | 30. | ਮਧੂਸੂਦਨ | 7 |
| 6. | ਪਾਰਬ੍ਰਹਮ | 324 | 19. | ਨਰਹਰੀ | 29 | 31. | ਰਘੂਨਾਥ | 6 |
| 7. | ਠਾਕੁਰ | 283 | 20. | ਮੁਕੰਦ | 28 | 32. | ਬਾਵਨ | 3 |
| 8. | ਕਰਤਾ | 228 | 21. | ਮਾਧਵ | 27 | 33. | ਸਾਰੰਗਧਰ | 3 |
| 9. | ਦਾਤਾ | 151 | 22. | ਪਰਮਾਨੰਦ | 22 | 34. | ਅਚਯੁਤ | 3 |
| 10. | ਪਰਮੇਸ਼ਵਰ | 139 | 23. | ਕ੍ਰਿਸ਼ਨ | 21 | 35. | ਰਘੁਰਾਈ | 2 |
| 11. | ਮੁਰਾਰੀ | 97 | 24. | ਸਾਰੰਗਪਾਣੀ | 20 | 36. | ਗੋਪੀਨਾਥ | 2 |
| 12. | ਨਾਰਾਇਣ | 85 | 25. | ਵਿਠੁਲ | 16 | 37. | ਗੋਵਰਧਨਧਾਰੀ | 2 |
| 13. | ਅੰਤਰਯਾਮੀ | 31 | | | | | | |

ਇਹਨਾਂ ਨਾਵਾਂ ਤੋਂ ਇਲਾਵਾ ਗੋਸਾਈ, ਕਮਲਾ ਕਾਂਤ, ਲਕਸ਼ਮੀ ਧਰ ਚਕਰਧਰ, ਚਤੁਰਭੁਜ, ਮੱਛ, ਕੱਛ, ਗੋਰਖ, ਰੁਦਰ, ਖ਼ੁਦਾ, ਖ਼ਾਲਿਕ ਕਾਦਿਰ, ਕਰੀਮ ਸਰਵ ਪ੍ਰਤੀਪਾਲਕ, ਰਹੀਮ, ਅਲਖ ਅਥਾਹ, ਬੇਸ਼ੁਮਾਰ, ਭਗਵੰਤ, ਭਵਭੰਜਨ, ਰਿਸੀਕੇਸ਼, ਵਾਸੁਦੇਵ ਲੀਲਾਧਰ ਆਦਿਕ ਪ੍ਰਮਾਤਮਾ ਲਈ ਨਾਮਾਂ ਦੀ ਵਰਤੋਂ ਹੋਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੧ਓ, ਅਕਾਲ ਪੁਰਖਿ ਪ੍ਰਮਾਤਮਾ ਜਾਂ ਪ੍ਰਭੂ ਦੀ ਹੀ ਉਪਾਸਨਾ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ਲਸਫ਼ੇ ਅਨੁਸਾਰ ਸਾਰਿਆਂ ਪੰਥ ਸੰਪ੍ਰਦਾਵਾਂ ਦੀ ਕੀਤੀ ਗਈ ਕਿਸੇ ਵੀ ਨਾਮ ਦੀ ਵਰਤੋਂ ਇਕ ਪ੍ਰਮਾਤਮਾ ਦਾ ਹੀ ਇਕ ਹੋਰ ਨਾਮ ਹੈ। ਇਸ ਵਾਸਤੇ ਬਾਕੀ ਸਾਰੇ ਪ੍ਰਭੂ ਦੇ ਨਾਮ ਹਰੀ ਸਿਮਰਨ ਤੇ ਉਸਤਤ ਲਈ ਸਵੀਕਾਰਨ ਯੋਗ ਹਨ। ਸਿਰਫ਼ ਨਾਂ ਨੂੰ ਲੈ ਕੇ ਅਕਾਲ ਪੁਰਖ, ਹਰਿ, ਈਸ਼ਵਰ, ਅੱਲਾ ਦੇ ਵੱਖ ਹੋਣ ਦਾ ਕੋਈ ਅਰਥ ਨਹੀਂ ਹੈ। ਇਸ ਪ੍ਰਕਾਰ ਦਾ ਨਜ਼ਰੀਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰਾਪਤ ਹੁੰਦਾ ਹੈ।

ਰਾਜ ਮਹਿਲਾਂ, ਦਰਬਾਰਾਂ 'ਚ ਰਾਜਿਆਂ ਦੀ ਉਸਤਤ ਕਰਨ ਵਾਲੇ ਜਦ ਗੁਰੂ ਪਰੰਪਰਾ ਦੀ ਦੁਨੀਆ ਵਿਚ ਆਏ ਤਾਂ ਉਹਨਾਂ ਕਸ਼ਮੀਰੀ ਭੱਟਾਂ ਨੇ ਜੋ ਗੁਰਬਾਣੀ ਰਚੀ ਉਸ ਦਾ ਬੜਾ ਮਹੱਤਵ ਹੈ। ਇਹਨਾਂ ਕਸ਼ਮੀਰੀ ਭੱਟ ਸਾਹਿਬਾਨਾਂ ਦੀ ਵਿਲੱਖਣ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਅੱਜ ਸਿੱਖ ਬੜੀ ਸ਼ਰਧਾ ਦੇ ਨਾਲ ਪ੍ਰਭੂ ਦੇ ਇਕ ਨਾਮ 'ਵਾਹਿਗੁਰੂ' ਦਾ ਭਗਤੀ ਰਸ ਵਿਚ ਆ ਕੇ ਜਾਪ ਕਰਦੇ ਹਨ। ਕਸ਼ਮੀਰ ਦੇ ਭੱਟ ਸਾਹਿਬਾਨਾਂ ਦੀ ਬਾਣੀ ਤੋਂ ਹੀ ਇਸ ਅੱਖਰ 'ਵਾਹਿਗੁਰੂ' ਦੀ ਪ੍ਰਾਪਤੀ ਹੋਈ ਹੈ। ਇਸ ਅਨਾਹਦ ਸ਼ਬਦ 'ਵਾਹਿਗੁਰੂ' ਨੂੰ ਰੋਜ਼ਾਨਾ ਸਿਮਰਨ ਲਈ ਯੋਗ ਨਾਮ ਸਮਝਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੱਟਾਂ ਦੀ ਬਾਣੀ ਰਾਹੀਂ ੧੫ ਵਾਰ 'ਵਾਹਿਗੁਰੂ' ਲਫ਼ਜ਼ ਵਰਤਿਆ ਗਿਆ ਹੈ।

**ਸ੍ਰੀ ਗੂਰੂ ਗ੍ਰੰਥ ਸਾਹਿਬ ਜੀ ਦੇ ਕੁਲ ਅੰਗ (ਪੰਨੇ) :-**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੧੪੩੦ ਅੰਗ ਜਾਂ ਪੰਨੇ ਹਨ। ਗੁਰੂ ਪਰੰਪਰਾ ਦੇ ਅਨੁਸਾਰ ਪੰਨਿਆਂ ਨੂੰ ਅੰਗ ਕਿਹਾ ਜਾਂਦਾ ਹੈ। ਹਰ ਅੰਗ 'ਤੇ ਦਰਜ ਬਾਣੀ ਚਾਹੇ ਉਹ ਗੁਰੂ ਸਾਹਿਬਾਨਾਂ ਦੀ ਹੋਵੇ ਜਾਂ ਭਗਤ ਸਾਹਿਬਾਨਾਂ ਦੀ, ਨੂੰ ਗੁਰਬਾਣੀ ਹੀ ਮੰਨਿਆ ਜਾਂਦਾ ਹੈ। ਹਰੇਕ ਅੰਗ ਦੀ ਗੁਰਬਾਣੀ ਗੁਰੂ ਦਾ ਹੁਕਮ ਹੈ, ਐਸੀ ਗੁਰੂ ਮਰਯਾਦਾ ਹੈ।

**ਗੁਰੂ ਗ੍ਰੰਥ ਸਾਹਿਬ ਜੀ ਦੀ ਲਿਪੀ :-**

ਪੰਜਾਬੀ ਬੋਲੀ ਨੂੰ ਲਿਖਣ ਦੀ ਲਿਪੀ ਗੁਰਬਾਣੀ ਹੈ। ਕੁਝ ਸਮਾਜਿਕ ਤਬਕੇ ਗੁਰਮੁਖੀ ਲਿਪੀ ਦੀ ਵਰਤੋਂ ਸਿੰਧੀ ਭਾਸ਼ਾ ਲਈ ਇਕ ਦੂਜੇ ਤਰੀਕੇ ਦੇ ਰੂਪ ਵਿਚ ਕਰਦੇ ਹਨ। ਸ਼ਬਦ ਕੋਸ਼ਾਂ ਦੀ ਜ਼ਬਾਨ ਵਿਚ ਗੁਰਮੁਖੀ ਦਾ ਅਰਥ ਹੈ ਸਿੱਖ ਗੁਰੂਆਂ ਦੇ ਮੁੱਖ ਤੋਂ ਉਚਾਰੀ ਬਾਣੀ ਨੂੰ ਲਿਪੀ ਵਾਰ ਲਿਖਣ ਦਾ ਤਰੀਕਾ। ਗੁਰਮੁਖੀ ਲਿਪਿ ਉਹ ਲਿਪੀ ਹੈ ਜਿਸ ਨੇ ਸਾਹਿਤਕ, ਸਮਾਜਿਕ ਅਤੇ ਸਿਆਸੀ ਜ਼ਮੀਨ 'ਤੇ ਪੂਰੇ ਪੰਜਾਬ ਨੂੰ ਇਕਤਰਫ਼ਾ ਪ੍ਰਭਾਵਿਤ ਕੀਤਾ। ਪੰਜਾਬ ਦੀਆਂ ਰਗਾਂ ਵਿਚ ਅਗਰ ਪੰਜਾਬੀ ਦੌੜਦੀ ਹੈ ਤਾਂ ਗੁਰਬਾਣੀ ਲਿਪੀ ਦੇ ਕਾਰਨ। ਗੁਰਮੁਖੀ ਲਿਪੀ ਦੇ ਮਹਾਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਪੰਜਾਬ ਹੀ ਨਹੀਂ ਸੰਪੂਰਨ ਹਿੰਦੁਸਤਾਨ ਨੂੰ ਇਕ ਨਵਾਂ ਰੁਹਾਨੀ ਰੰਗ ਦਿੱਤਾ। ਵਿਦੇਸ਼ੀ ਜਰਵਾਣੇ, ਲੁਟੇਰੇ, ਜੇਹਾਦੀ, ਵੰਡ ਕਰਨ ਵਾਲੇ ਪੰਜਾਬ 'ਚ ਆਏ ਤੇ ਚਲੇ ਗਏ ਪਰ ਗੁਰਮੁਖੀ ਲਿਪੀ ਨੇ ਪੰਜਾਬ ਤੇ ਭਾਰਤ ਨੂੰ ਹਮੇਸ਼ਾ ਲਈ ਸਹਾਰਾ ਤੇ ਮਜ਼ਬੂਤੀ ਦਿੱਤੀ। ਗੁਰਮੁਖੀ ਲਿਪੀ ਨੇ ਸਮਾਜਿਕ ਤੇ ਸਿਆਸੀ ਪੱਧਰ 'ਤੇ ਅਰਬੀ ਲਿਪੀ ਦਾ ਸਫ਼ਲ ਮੁਕਾਬਲਾ ਕੀਤਾ। ਖ਼ਾਸ ਕਰ ਕੇ ਇਹ ਗੱਲ ਦੇਖਣ ਯੋਗ ਹੈ ਕਿ ਉਸ ਦੌਰ ਦੀ ਹਕੂਮਤ ਦੇ ਕੰਮ-ਕਾਜ ਦੀ ਜ਼ਬਾਨ ਦੀ ਲਿਪੀ ਅਰਬੀ ਲਿਪੀ ਸੀ ਅਤੇ ਜ਼ਬਾਨ ਫ਼ਾਰਸੀ ਸੀ।

ਗੁਰਮੁਖੀ ਲਿਪਿ ਦੇ ਅੱਖਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੇਣ ਹਨ ਪਰ ਇਸ ਨਵੇਂ ਤਜਰਬੇ ਨੂੰ ਅਤੇ ਲਿਪੀ ਨੂੰ ਸਥਾਪਿਤ ਕਰਨ ਦਾ ਮਹਾਨ ਕੰਮ ਦੂਜੇ ਗੁਰੂ ਅੰਗਦ ਦੇਵ ਜੀ ਨੇ ਕੀਤਾ। ਸੁਭਾਉ ਤੋਂ ਮੁਢਲੇ ਤੌਰ 'ਤੇ ਗੁਰਮੁਖੀ ਲਿਪੀ ਦਾ ਸਰੂਪ ਬ੍ਰਹਮੀ ਲਿਪੀ ਵਰਗਾ ਹੈ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪਿ ਵਿਚ ਫੇਰਬਦਲ ਕੀਤਾ ਅਤੇ ਭਾਸ਼ਾਈ ਨਜ਼ਰੀਏ ਦੇ ਨਾਲ ਸੁਧਾਰ ਵੀ ਕੀਤਾ, ਅੱਖਰਾਂ ਨੂੰ ਨਵੇਂ ਸਿਰਿਉਂ ਕਤਾਰ-ਬੱਧ ਕੀਤਾ, ਅੱਖਰਾਂ ਦੇ ਅਕਾਰਾਂ ਵਿਚ ਵੀ ਪਰਿਵਰਤਨ ਕੀਤਾ ਗਿਆ। ਸ੍ਰੀ ਗੁਰੂ ਅੰਗਦ ਦੇ ਗੁਰੂ ਦੀ ਪੈਂਤੀ ਅੱਖਰੀ ਨੂੰ ਨਵਾਂ ਰੂਪ ਤੇ ਸਰੂਪ ਦਿੱਤਾ। ਬੋਲਚਾਲ ਦੀ ਜ਼ਬਾਨ ਦੇ ਮੁਤਾਬਿਕ ਹੀ ਗੁਰਮੁਖੀ

ਦੇ ਅੱਖਰਾਂ ਦੀ ਚੋਣ ਕੀਤੀ ਗਈ। ਗੁਰਮੁਖੀ ਲਿਪੀ ਦੇ ਅੱਖਰਾਂ ਦੀ ਉਚਾਈ ਬਰਾਬਰ ਹੈ, ਜਿਹੜੀ ਦੋ ਸਮਾਨ ਅੰਤਰ ਲਾਈਨਾਂ ਦੇ ਮੱਧ ਵਿਚ ਲਿਖੀ ਜਾ ਸਕਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਪੀ ਬੇਸ਼ਕ ਗੁਰਮੁਖੀ ਹੈ ਪਰ ਉਸ ਵਿਚ ਪੰਜਾਬੀ ਜ਼ਬਾਨ ਦੇ ਨਾਲ ਬ੍ਰਜ ਭਾਸ਼ਾ, ਭੋਜਪੁਰੀ, ਸਿੰਧੀ, ਮੁਲਤਾਨੀ, ਸੰਸਕ੍ਰਿਤੀ, ਮਰਾਠੀ, ਉਰਦੂ, ਫਾਰਸੀ, ਮਾਰਵਾੜੀ, ਅਬਧੀ, ਗਵਾਰੀ ਆਦਿਕ ਬੋਲੀਆਂ ਦਾ ਪ੍ਰਭਾਵਸ਼ਾਲੀ ਮੇਲ ਮਿਲਦਾ ਹੈ। ਸਿੱਖ ਗੁਰੂ ਸਾਹਿਬਾਨ ਜਿਹੜੇ-ਜਿਹੜੇ ਸੂਬਿਆਂ ਵਿਚ ਆਪਣੀਆਂ ਯਾਤਰਾਵਾਂ ਦੇ ਦੌਰਾਨ ਗਏ ਉਥੋਂ ਦੀ ਬੋਲੀ ਉਹਨਾਂ ਦੇ ਸ਼ਬਦਾਂ ਵਿਚ ਨਜ਼ਰ ਆਉਂਦੀ ਹੈ। ਇਸ ਦੇ ਨਾਲ ਭਗਤ ਸਾਹਿਬਾਨਾਂ ਦੀ ਕਰਮਭੂਮੀ ਤੇ ਬੋਲੀ ਜਾਣ ਵਾਲੀ ਸੂਬਾਈ ਜ਼ਬਾਨ ਦੇ ਦਰਸ਼ਨ ਵੀ ਉਹਨਾਂ ਦੇ ਸ਼ਬਦਾਂ ਵਿਚ ਹੁੰਦੇ ਹਨ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਉਸ ਦੌਰ ਦੇ ਸੰਤ ਸਮਾਜ ਨੇ ਇਕ ਅਲੱਗ ਤਰ੍ਹਾਂ ਦੀ ਸੰਤ ਭਾਸ਼ਾ ਦਾ ਵਿਕਾਸ ਕਰ ਲਿਆ ਸੀ। ਇਹ ਸੰਤ ਭਾਸ਼ਾ ਆਮ ਜਨ-ਸਮੂਹ ਤਕ ਪਹੁੰਚਣ ਦਾ ਸਰਲ ਤੇ ਪ੍ਰਭਾਵਸ਼ਾਲੀ ਜਰੀਆ ਸੀ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਪ੍ਰਮਾਣਿਕ ਇਤਿਹਾਸ ਵਿਚ ਇਹ ਗੱਲ ਆਉਂਦੀ ਹੈ ਕਿ ਉਦਾਸੀਆਂ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਪੋਥੀ ਸਾਹਿਬ ਹੋਇਆ ਕਰਦੀ ਸੀ। ਗੁਰੂਦੇਵ ਲਿਖਦੇ ਵੀ ਹਨ :-

**ਹੁਕਮਿ ਰਜ਼ਾਈ ਚਲਣਾ, ਨਾਨਕ ਲਿਖਿਆ ਨਾਲ।** ਅੰਗ ੧

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਰਚਨਾ ਭਾਰਤੀ ਸ਼ਾਸਤਰੀ ਰਾਗਾਂ ਦੇ ਆਧਾਰ 'ਤੇ ਕੀਤੀ ਗਇਈ ਹੈ। ਬਾਣੀ ਨੂੰ ਜਿਸ ਰਾਗ ਵਿਚ ਸਿਰਜਿਤ ਕੀਤਾ ਗਿਆ ਹੈ। ਉਸ ਰਾਗ ਦਾ ਵਰਣਨ ਸ਼ਬਦ ਦੇ ਨਾਲ ਦਰਜ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕੁਲ ੩੧ ਰਾਗਾਂ ਦੇ ਆਧਾਰਤ ਹੈ। ਇਕ ਰਾਗ ਪਰਿਵਾਰ ਦੀ ਕਈ ਧਾਰਾਵਾਂ ਦੀ ਵਰਤੋਂ ਹੋਈ। ਤਾਲ ਲਈ ਵੀ 'ਘਰੁ' ਅੱਖਰ ਦੀ ਵਰਤੋਂ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰਬਾਣੀ ਨੂੰ ਕਿਸੇ ਗੁਰਬਾਣੀ ਰਚਨਹਾਰ ਸਾਹਿਬਾਨ ਦੇ ਆਧਾਰ 'ਤੇ ਲੜੀਵਾਰ ਨਹੀਂ ਬਣਾਇਆ ਗਿਆ ਬਲਕਿ ਰਾਗਾਂ ਦੇ ਆਧਾਰ 'ਤੇ ਸ਼ਬਦਾਂ ਨੂੰ ਲੜੀਵਾਰ ਸਰੂਪ ਦਿੱਤਾ ਗਿਆ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਾਰਸ਼ਨਿਕ ਸਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਾਰੰਭ ਓੱ ਤੋਂ ਹੋਇਆ ਹੈ। ਓਮ ਪਾਰਬ੍ਰਹਮ ਵਾਚਕ ਅੱਖਰ ਹੈ। **ਇਕ ਓਂਕਾਰ** ਦਾ ਜੋ ਸਹੀ ਅਰਥ ਹੈ ਉਸ ਨੂੰ ਸਮਝਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਓਮ ਤੋਂ ਪਹਿਲਾਂ ਇਕ ਅੰਕ ਦੀ ਵਰਤੋਂ ਕੀਤੀ ਗਈ ਹੈ। ਇਸ ਦਾ ਅਰਥ ਹੈ ਕਿ ਉਹ ਹੋਂਦ ਜੋ ਇਕ ਹੈ ਜਿਸ ਦੇ ਬਰਾਬਰ ਦੂਜਾ ਕੋਈ ਨਹੀਂ ਅਤੇ ਜਿਸ ਨਾਲ ਸਾਰਾ ਸੰਸਾਰ ਰਵਾਨਗੀ ਵਾਲਾ ਹੋ ਜਾਂਦਾ ਹੈ। ਇਸ ਅੱਖਰ ਤੋਂ ਬਾਦ 'ਕਾਰ' ਨੂੰ ਉਚਾਰਿਆ ਗਿਆ ਹੈ। ਇਹ ਸੰਸਕ੍ਰਿਤ ਭਾਸ਼ਾ ਦਾ ਅੱਖਰ ਕਿਸੀ ਸੰਘਿਆ ਵਾਚਕ ਅੱਖਰ ਦੇ ਅੰਤ ਵਿਚ ਵਰਤਿਆ ਜਾਂਦਾ ਹੈ। **ਕਾਰ** ਦਾ ਅਰਥ ਹੈ ਨਿਰੰਤਰ ਜਿਸ ਵਿਚ ਕਿਸੇ ਪ੍ਰਕਾਰ ਦਾ ਬਦਲਾ ਨਾ ਹੋਵੇ ਯਾਨੀ ਜਿਹਾ ਸੀ, ਵੈਸਾ ਹੈ ਅਤੇ ਉਹੋ ਜਿਹਾ ਹੀ ਰਹੇਗਾ। ਇਸ ਦਾ ਮਤਲਬ ਹੈ ਪਰਿਵਰਤਨ ਨਾ ਹੋਣ ਵਾਲਾ, ਸੱਚ ਜਿਹੜਾ ਨਿਰੰਤਰ ਹੈ, ਯਾਨੀ ਇਕ ਓਂਕਾਰ (੧ਓੱ)। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਜਪੁਜੀ ਸਾਹਿਬ

ਤੋਂ ਹੁੰਦੀ ਹੈ। ਜਪੁਜੀ ਸਾਹਿਬ ਦਾ ਆਰੰਭ ੧ੴ ਤੋਂ ਹੁੰਦਾ ਹੈ ਜਿਸ ਦਾ ਸਿੱਧਾ ਸਾਦਾ ਅਰਥ ਹੈ ਕਿ ਓਂਕਾਰ ਜਾਂ ਈਸ਼ਵਰ ਇਕ ਹੀ ਹੈ। ਸਾਰੇ ਜਪੁਜੀ ਸਾਹਿਬ ਵਿਚ ੧ੴ ਦੀ ਵਿਆਖਿਆ ਕੀਤੀ ਗਈ ਹੈ ਅਤੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਇਕ ਬਾਣੀ ਜਪੁਜੀ ਸਾਹਿਬ ਜੀ ਦੀ ਵਿਆਖਿਆ ਦਾ ਵਿਸਤਾਰ ਹੈ।

## ਮੂਲ ਮੰਤਰ

**ਜਪੁਜੀ ਸਾਹਿਬ ਜੀ** ਦੀ ਬਾਣੀ ਦਾ ਆਰੰਭ ਮੂਲ ਮੰਤਰ ਤੋਂ ਹੁੰਦਾ ਹੈ ਜੋ ਇਸ ਪ੍ਰਕਾਰ ਹੈ :

**੧ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।**

ਅਰਥਾਤ ਓਂਕਾਰ ਇਕ ਹੈ, ਸਤ ਉਸ ਦਾ ਨਾਂ ਹੈ, ਉਹ ਸ੍ਰਿਸ਼ਟਿ ਦੀ ਰਚਨਾ ਕਰਨ ਵਾਲਾ ਪੁਰਖ ਹੈ। ਉਹ ਭੈ ਤੋਂ ਰਹਿਤ ਹੈ ਉਸ ਨੂੰ ਕਿਸੇ ਨਾਲ ਵੈਰ ਨਹੀਂ ਹੈ (ਭੈ ਤੇ ਵੈਰ ਦਵੈਤ ਭਾਵ ਨੂੰ ਪੈਦਾ ਕਰਦਾ ਹੈ)। ਉਹ ਕਾਲ ਦੇ ਬੰਧਨਾਂ ਤੋਂ ਪਰ੍ਹੇ ਹੈ (ਉਹ ਭੂਤ, ਭਵਿੱਖ ਤੇ ਵਰਤਮਾਨ ਤੋਂ ਪਰ੍ਹੇ ਹੈ)। ਇਸ ਲਈ ਉਹ ਨਿੱਤ ਹੈ, ਉਹ ਅਜੋਨੀ ਹੈ ਅਰਥਾਤ ਜਨਮ ਮਰਨ ਦੇ ਗੇੜ ਤੋਂ ਮੁਕਤ ਹੈ। ਉਹ ਖ਼ੁਦ ਪ੍ਰਗਟ ਹੋਣ ਵਾਲਾ ਹੈ। ਉਸ ਦੀ ਪ੍ਰਾਪਤੀ ਕੇਵਲ ਸਤਿਗੁਰੂ ਦੀ ਕ੍ਰਿਪਾ ਨਾਲ ਹੀ ਸੰਭਵ ਹੈ।

**ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਓਂਕਾਰ ਤੇ ਗੁਰਪ੍ਰਸਾਦਿ** ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਚਨਹਾਰ ਅਤੇ ਸੰਪਾਦਨਾ ਕਰਨ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹਰੇਕ ਰਾਗ ਅਤੇ ਹਰੇਕ ਗੁਰੂ ਦੀ ਬਾਣੀ ਅਤੇ ਭਗਤ ਸਾਹਿਬਾਨਾਂ ਦੀ ਬਾਣੀ ਦੇ ਆਰੰਭ ਵਿਚ 'ਮੂਲ ਮੰਤਰ' ਦੇ ਕਿਸੇ ਨਾ ਕਿਸੇ ਸਰੂਪ ਦੀ ਜ਼ਰੂਰ ਹੀ ਵਰਤੋਂ ਕੀਤੀ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਮੂਲ ਮੰਤਰ ਦੇ ਚਾਰ ਸਰੂਪ ਮੌਜੂਦ ਹਨ, ਜੋ ਇਸ ਪ੍ਰਕਾਰ ਹਨ :-

(੧) **੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ। ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।**

ਮੂਲ ਮੰਤਰ ਦਾ ਪਹਿਲਾ ਸਰੂਪ ਹੈ, ਜੋ ਕਿ ੩੩ ਵਾਰ ਪ੍ਰਯੋਗ ਵਿਚ ਆਇਆ ਹੈ।

(੨) **੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ।**

ਮੂਲ ਮੰਤਰ ਦਾ ਦੂਸਰਾ ਸਰੂਪ ਹੈ ਜੋ ਕਿ ੯ ਵਾਰ ਪ੍ਰਯੋਗ ਵਿਚ ਆਇਆ ਹੈ।

(੩) **੧ੴ ਸਤਿਨਾਮੁ ਗੁਰਪ੍ਰਸਾਦਿ।**

ਮੂਲ ਮੰਤਰ ਦਾ ਤੀਸਰਾ ਸਰੂਪ ਹੈ। ਇਸ ਦਾ ਪ੍ਰਯੋਗ ੨ ਵਾਰ ਹੋਇਆ ਹੈ।

(੪) **੧ੴ ਸਤਿਗੁਰ ਪ੍ਰਸਾਦਿ।**

ਮੂਲ ਮੰਤਰ ਦਾ ਚੌਥਾ ਸਰੂਪ ਹੈ। ਇਸ ਦਾ ਪ੍ਰਯੋਗ ਸ੍ਰੀ ਗੁਰੂ ਗ੍ਰੰਥ ਜੀ ਵਿਚ ੫੨੨ ਵਾਰ ਹੋਇਆ ਹੈ।

# ਜਪੁਜੀ ਸਾਹਿਬ ਦੇ ਅੰਤ ਵਿਚ ਸਲੋਕ

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ। ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।**

**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ। ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।**

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ। ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।। ਅੰਗ ੮**

ਸੰਸਾਰਿਕ ਜੀਵਨ ਦੇ ਲਈ ਪਵਨ ਗੁਰੂ ਹੈ, ਜਲ ਪਿਤਾ ਹੈ ਤਥਾ ਧਰਤੀ ਮਾਂ ਹੈ। ਗੁਰੂ ਦਾ ਕੰਮ ਮਾਰਗ ਦਰਸ਼ਨ ਕਰਨਾ ਹੈ। ਹਵਾ ਸਰੀਰ ਨੂੰ ਚਲਾਉਂਦੀ ਹੈ, ਇਸ ਲਈ ਗੁਰੂ ਹੈ। ਪਾਣੀ ਜਨਕ ਹੈ, ਉਸ ਦੇ ਪ੍ਰਵੇਸ਼ ਨਾਲ ਧਰਤੀ ਵਿਚ ਵਨਸਪਤੀਆਂ ਦੀ ਹੋਂਦ ਹੈ, ਧਰਤੀ ਜਨਨੀ ਹੈ। ਦਿਨ ਅਤੇ ਰਾਤ ਦੋਨੋਂ ਇਹਨਾਂ ਜੀਵਾਂ ਨੂੰ ਖੇਲ ਖਿਲਾਉਣ ਵਾਲੇ ਸੇਵਕ-ਸੇਵਿਕਾ ਹਨ ਅਰਥਾਤ ਸਭ ਜੀਵ ਦਿਨ ਰਾਤ ਦੀ ਗੋਦ ਵਿਚ ਖੇਲਦੇ ਜਾਂ ਕੰਮ ਕਰਦੇ ਰਹਿੰਦੇ ਹਨ। ਪਰਲੋਕ ਵਿਚ ਪ੍ਰਮਾਤਮਾ ਦੇ ਸਨਮੁਖ ਧਰਮ ਰਾਜ ਇਹਨਾਂ ਜੀਵਾਂ ਦਾ ਕਰਮ ਲੇਖਾ ਜਾਂਚਦਾ ਹੈ ਅਤੇ ਆਪਣੇ-ਆਪਣੇ ਕਰਮਾਂ ਦੇ ਅਨੁਸਾਰ ਕਈ ਜੀਵ ਪ੍ਰਮਾਤਮਾ ਦੀ ਨੇੜਤਾ ਪਾ ਲੈਂਦੇ ਹਨ ਅਤੇ ਕਈ ਇਸ ਤੋਂ ਦੂਰ ਵੀ ਹਟ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸਤਕਰਮੀ ਜੀ ਪ੍ਰਮਾਤਮਾ ਦੀ ਸ਼ਰਣ ਵਿਚ ਲੀਨ ਹੋ ਜਾਂਦੇ ਹਨ, ਇੰਨਾ ਹੀ ਨਹੀਂ, ਬਹੁਤ ਸਾਰੇ ਦੂਸਰੇ ਜੀਵ ਵੀ ਇਹਨਾਂ ਮੁਕਤ ਆਤਮਾਵਾਂ ਦੇ ਨਾਲ ਜੁੜ ਕੇ ਮੋਖ ਪ੍ਰਾਪਤ ਕਰ ਲੈਂਦੇ ਹਨ।

# ਗੁਰ-ਸ਼ਬਦ

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਗੁਰੂ ਸ਼ਬਦ ਦੀ ਧਾਰਣਾ ਨੂੰ ਗੁਰੂ ਦੇ ਤੁਲ ਸਮਝਿਆ ਜਾਣਾ ਚਾਹੀਏ। ਬਾਣੀ ਅਰਥਾਤ ਸ਼ਬਦ ਹੀ ਗੁਰੂ ਹੈ।

**ਬਾਣੀ ਗੁਰੂ ਗੁਰੂ ਹੈ ਬਾਦੀ ਵਿਚਿ ਬਾਣੀ ਅੰਮ੍ਰਿਤ ਸਾਰੇ।**

**ਗੁਰੁਬਾਣੀ ਕਹੈ ਸੇਵਕੁ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ। (ਅੰਗ ੯੮੨)**

**ਸਿਮਰਨ** - ਇਸ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਰਮ ਕਾਂਡ ਰਹਿਤ ਪ੍ਰਭੂ ਸਿਮਰਨ ਦੀ ਗੱਲ ਕਹੀ ਗਈ ਹੈ। ਕੇਵਲ ਅਤੇ ਕੇਵਲ ਨਿਰੋਲ ਹਰਿ ਦੀ ਭਗਤੀ, ਸੱਚੀ ਸੇਵਾ ਹੀ ਮਨੁੱਖ ਦਾ ਅਸਲੀ ਸੱਚਾ ਮਾਰਗ ਹੈ। ਓਹੀ ਉਸ ਦਾ ਮੂਲ ਕੰਮ ਹੈ।

**ਰਾਮ ਸਿਮਰਿ ਰਾਮ ਸਿਮਰਿ ਇਹੈ ਤੇਰੈ ਕਾਜਿ ਹੈ। (ਅੰਗ ੧੩੫੨)**

ਇਕ ਵਾਹਿਗੁਰੂ ਦੀ ਸੰਤਾਨ - ਸਾਰੇ ਜੀਵ ਮਾਤਰ ਇਕ ਪ੍ਰਮਾਤਮਾ ਦੇ ਪੁਤਰ ਹਨ।

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ। (ਅੰਗ ੬੧੧)**

ਸਤਸੰਗ ਜਾਂ ਸੰਗਤ - ਆਪਣੇ ਮਨ 'ਚੋਂ ਦਵੈਸ਼, ਨਿੰਦਾ ਜਾਂ ਈਰਖਾ ਦਾ ਭਾਵ ਤਿਆਗਣ ਅਤੇ ਸਾਰੇ ਵਿਕਾਰਾਂ ਦਾ ਤਿਆਗ ਕਰ ਕੇ ਹਿਰਦੇ ਵਿਚ ਪ੍ਰੇਮ, ਪ੍ਰਭੂ ਭਗਤੀ ਧਾਰਣ ਕਰਨਾ, ਸੁਹਜ ਹੋ ਜਾਣਾ ਸੰਗਤ ਪ੍ਰਮਾਤਮਾ ਦੇ ਮਾਰਗ 'ਤੇ ਜਾਣ ਲਈ ਬਹੁਤ ਹੀ ਜ਼ਰੂਰੀ ਹੈ :-

**ਬਿਸਰਿ ਗਈ ਸਭ ਤਾਤਿ ਪਰਾਈ।**

**ਜਬ ਤੇ ਸਾਧ ਸੰਗਤ ਮੋਹਿ ਪਾਈ। (ਅੰਗ ੧੨੯੯)**

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ, ਨਾਂਦੇੜ ਮਹਾਰਾਸ਼ਟਰ

ਸੰਨ ੧੭੦੮ ਵਿਚ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਲਚ ਨਗਰ, ਨਾਂਦੇੜ ਦੀ ਪਾਵਨ ਧਰਤੀ ਉਪਰ ਦਸਮ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ-ਗੱਦੀ ਬਖ਼ਸ਼ੀ। ਓਦੋਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਬਾਣੀ ਰੂਪ ਵਿਚ ਗੁਰੂ-ਪਦ 'ਤੇ ਬਿਰਾਜ ਹਨ। ਇਹ ਇਕ ਪੱਕੀ ਸੱਚਾਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਅਬਿਚਲ ਨਗਰ, ਨਾਂਦੇੜ ਨਾਮਕ ਸਥਾਨ ਉਤੇ ਆਪਣੇ ਸੱਚਖੰਡ ਗਮਨ ਤੋਂ ਤਿੰਨ ਦਿਨ ਪਹਿਲਾਂ ਹੀ ਕੱਤਕ ਸੁਦੀ ੨ ਸੰਮਤ ੧੭੬੫ ਦੇ ਦਿਨ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਨੂੰ ਗੁਰਤਾ-ਗੱਦੀ ਪ੍ਰਦਾਨ ਕਰ ਕੇ, ਪੰਜ ਪੈਸੇ ਤਥਾ ਇਕ ਨਾਰੀਅਲ ਭੇਂਟ ਕਰ ਕੇ ਆਪਣਾ ਸੀਸ ਉਸ ਦੇ ਅੱਗੇ ਝੁਕਾ ਕੇ ਹਮੇਸ਼ਾ ਦੇ ਲਈ ਸ਼ਬਦ ਨੂੰ ਗੁਰੂ-ਪਦ ਪ੍ਰਦਾਨ ਕੀਤਾ। ਵਾਣੀ ਰੂਪ ਵਿਚ ਸ਼ਬਦ ਗੁਰੂ ਹੋ ਗਿਆ। ਓਦੋਂ ਤੋਂ ਲੈ ਕੇ ਇਹ ਗੁਰੂ ਪ੍ਰਣਾਲੀ ਚੱਲੀ ਆ ਰਹੀ ਹੈ। ਪੰਥ ਦੇ ਇਸ਼ਟ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰਤਾ ਸਿੰਘਾਸਨ ਸਵਾਮੀ ਹਨ। ਇਸ ਪਵਿੱਤਰ ਗ੍ਰੰਥ ਵਿਚ ਹੀ ਦਸ ਗੁਰੂ ਸਾਹਿਬਾਨਾਂ ਦੀ ਜਾਗਤ ਜੋਤ ਆਤਮਾ (ਦੇਹ) ਬਿਰਾਜਮਾਨ ਹੈ।

# ਗੁਰ ਮੂਰਤ ਗੁਰ ਸ਼ਬਦ ਹੈ

੨੭ ਅਕਤੂਬਰ, ੨੦੦੮ ਤੋਂ ੪ ਨਵੰਬਰ, ੨੦੦੮ ਤਕ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ, ਨਾਂਦੇੜ (ਮਹਾਰਾਸ਼ਟਰ) ਦੀ ਇਤਿਹਾਸਕ ਧਰਤੀ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ-ਗੱਦੀ ਦਾ ੩੦੦ਵਾਂ ਸਾਲ ਗੁਰਪੁਰਬ ਰੂਪ ਵਿਚ ਮਨਾਇਆ ਜਾ ਰਿਹਾ ਹੈ। ਸਾਰੇ ਗੁਰਸਿੱਖ ਭਾਰਤ ਵਾਸੀ, ਦੁਨੀਆ ਦੇ ਨਾਨਕ ਨਾਮ ਲੇਵਾ ਸੰਗਤਾਂ ਅਤੇ ਧਰਮ ਦੇ ਜਿਗਿਆਸੂਆਂ ਵਿਚ ਇਸ ਰਾਸ਼ਟਰ ਪਰਵ ਨੂੰ ਲੈ ਕੇ ਬੜਾ ਹੀ ਉਤਸ਼ਾਹ ਹੈ।

ਇਸ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ-ਗੱਦੀ ਦਾ ਤ੍ਰੀਸ਼ਤਾਬਦੀ ਸਮਾਰੋਹ ੩੦ ਅਕਤੂਬਰ, ੨੦੦੮ (ਕੱਤਕ ਸੁਦੀ ੨ ਸੰਮਤ ੨੦੬੫ ਵਿਕਰਮੀ) ਨੂੰ ਮਨਾਇਆ ਜਾ ਰਿਹਾ ਹੈ। ਇਸ ਪਰਵ ਨੂੰ ਪਹਿਲੇ ਅਤੇ ਦੂਜੇ ਸ਼ਤਾਬਦੀ ਦੇ ਸਮੇਂ ਵਿਦੇਸ਼ੀ ਜਰਵਾਣਿਆਂ ਦੇ ਸੰਘਰਸ਼ ਦੇ ਚਲਦੇ ਨਹੀਂ ਮਨਾਇਆ ਜਾ ਸਕਿਆ। ਸੁਭਾਗਾਂ ਨਾਲ ਇਹ ਸਮਾਰੋਹ ਸੰਪੂਰਨ ਭਾਰਤ ਅਤੇ ਵਿਸ਼ਵ ਵਿਚ ਪੂਰੇ ਜੋਸ਼ੋ-ਖਰੋਸ਼ ਨਾਲ ਮਨਾਇਆ ਜਾ ਰਿਹਾ ਹੈ, ਖ਼ਾਸ ਰੂਪ ਵਿਚ ਗੁਰਤਾ-ਗੱਦੀ ਦਾ ਇਹ ਪਰਵ ਭਾਰਤ ਦੇ ਲਈ ਚਿਰ-ਯਾਦ ਰੱਖਣ ਵਾਲਾ, ਦੂਰ-ਅੰਦੇਸ਼ੀ ਅਤੇ ਗੌਰਵਸ਼ਾਲੀ ਵਿਰਾਸਤ ਹੈ।

# ਆਬਜੈਕਟਿਵ ਟਾਈਪ ਪ੍ਰਸ਼ਨ

੧) ਸਿੱਖ ਮਤ ਦੇ ਸੰਸਥਾਪਕ ਕੌਣ ਸਨ?
(ੳ) ਗੁਰੂ ਨਾਨਕ ਦੇਵ ਜੀ ( ) (ਅ) ਗੁਰੂ ਗੋਬਿੰਦ ਸਿੰਘ ਜੀ ( )
(ੲ) ਗੁਰੂ ਅਰਜਨ ਦੇਵ ਜੀ ( ) (ਸ) ਗੁਰੂ ਤੇਗ ਬਹਾਦਰ ਜੀ ( )

੨) ਗੁਰੂ ਨਾਨਕ ਦੇਵ ਜੀ ਨੇ ਕਿਹੜਾ ਨਗਰ ਵਸਾਇਆ?
(ੳ) ਕਰਤਾਰਪੁਰ ( ) (ਅ) ਖਡੂਰ ਸਾਹਿਬ ( )
(ੲ) ਸੁਲਤਾਨਪੁਰ ਲੋਧੀ ( ) (ਸ) ਗੋਇੰਦਵਾਲ ਸਾਹਿਬ ( )

੩) ਗੁਰੂ ਨਾਨਕ ਦੇਵੀ ਜੀ ਦੇ ਉਤਰਾਧਿਕਾਰੀ ਕੌਣ ਸਨ?
(ੳ) ਭਾਈ ਜੇਠਾ ਜੀ ( ) (ਅ) ਬਾਬਾ ਬੁੱਢਾ ਜੀ ( )
(ੲ) ਭਾਈ ਲਹਿਣਾ ਜੀ ( ) (ਸ) ਸ੍ਰੀ ਸਿਰੀਚੰਦ ਜੀ ( )

੪) 'ਜਪੁਜੀ' ਸਾਹਿਬ ਬਾਣੀ ਕਿਸ ਦੀ ਰਚਨਾ ਹੈ?
(ੳ) ਭਗਤ ਕਬੀਰ ਜੀ ( ) (ਅ) ਗੁਰੂ ਨਾਨਕ ਦੇਵ ਜੀ ( )
(ੲ) ਗੁਰੂ ਗੋਬਿੰਦ ਸਿੰਘ ਜੀ ( ) (ਸ) ਗੁਰੂ ਅਰਜਨ ਦੇਵ ਜੀ ( )

੫) 'ਜਪੁਜੀ' ਸਾਹਿਬ ਵਿਚ ਕਿੰਨੀਆਂ ਪਉੜੀਆਂ ਹਨ?
(ੳ) ੨੪ ( ) (ਅ) ੪੦ ( )
(ੲ) ੨੫ ( ) (ਸ) ੩੮ ( )

੬) ਇਹਨਾਂ ਵਿਚੋਂ ਕਿਹੜੀ ਬਾਣੀ ਨਿਤਨੇਮ ਦੀਆਂ ਬਾਣੀਆਂ ਵਿਚ ਸ਼ਾਮਲ ਨਹੀਂ ਹੈ?
(ੳ) ਸੁਖਮਨੀ ਸਾਹਿਬ ( ) (ਅ) ਕੀਰਤਨ ਸੋਹਿਲ; ( )
(ੲ) ਸੋਦਰ ਰਹਿਰਾਸ ( ) (ਸ) ਜਾਪੁ ਸਾਹਿਬ ( )

੭) 'ਸੁਖਮਨੀ' ਸਾਹਿਬ ਦੇ ਰਚੇਤਾ ਕੌਣ ਹਨ?
(ੳ) ਗੁਰੂ ਨਾਨਕ ਦੇਵ ਜੀ ( ) (ਅ) ਗੁਰੂ ਅਰਜਨ ਦੇਵ ਜੀ ( )
(ੲ) ਗੁਰੂ ਗੋਬਿੰਦ ਸਿੰਘ ਜੀ ( ) (ਸ) ਗੁਰੂ ਰਾਮਦਾਸ ਜੀ ( )

੮) ਸੁਖਮਨੀ ਸਾਹਿਬ ਵਿਚ ਕਿੰਨੀਆਂ ਅਸ਼ਟਪਦੀਆਂ ਹਨ?
(ੳ) ੩੦ ( ) (ਅ) ੨੪ ( )
(ੲ) ੪੦ ( ) (ਸ) ੩੬ ( )

੯) 'ਕੀਰਤਨ ਸੋਹਿਲਾ' ਬਾਣੀ ਦਾ ਪਾਠ ਕਿਸ ਸਮੇਂ ਕੀਤਾ ਜਾਂਦਾ ਹੈ?
(ੳ) ਸਵੇਰ ਸਮੇਂ ( ) (ਅ) ਦੁਪਹਿਰ ਸਮੇਂ ( )
(ੲ) ਰਾਤ ਸਮੇਂ (ਸੌਣ ਤੋਂ ਪਹਿਲਾਂ) ( ) (ੲ) ਸ਼ਾਮ ਸਮੇਂ ( )

੧੦) ਉਹ ਕਿਹੜੀ ਬਾਣੀ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਹੈ, ਪਰੰਤੂ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਕੁੰਜੀ' ਦਾ ਪਦ ਪ੍ਰਾਪਤ ਹੈ?
(ੳ) ਭਗਤ ਨਾਮਦੇਵ ਜੀ ( ) (ਅ) ਭਗਤ ਕਬੀਰ ਜੀ ( )
(ੲ) ਭਾਈ ਗੁਰਦਾਸ ਜੀ ( ) (ਸ) ਭਾਈ ਨੰਦਲਾਲ ਜੀ ( )

੧੧) ਕਿਸ ਮੁਗ਼ਲ ਬਾਦਸ਼ਾਹ ਨੂੰ ਗੁਰੂ ਨਾਨਕ ਦੇਵ ਜੀ ਨੇ 'ਜਾਬਰ' ਕਿਹਾ ਸੀ?
(ੳ) ਬਾਬਰ ( ) (ਅ) ਅਕਬਰ ( )
(ੲ) ਜਹਾਂਗੀਰ ( ) (ਸ) ਔਰੰਗਜ਼ੇਬ ( )

੧੨) ਉਹ ਕਿਹੜਾ ਮੁਗ਼ਲ ਬਾਦਸ਼ਾਹ ਸੀ, ਜਿਸ ਨੂੰ ਗੁਰੂ ਅਮਰਦਾਸ ਜੀ ਨੇ ਆਦੇਸ਼ ਦਿੱਤਾ ਸੀ ਕਿ ਪਹਿਲਾਂ ਲੰਗਰ ਛਕੋ, ਫਿਰ ਮੇਰੇ ਦਰਬਾਰ ਵਿਚ ਆਓ?
(ੳ) ਬਾਬਰ ( ) (ਅ) ਸ਼ਾਹਜਹਾਂ ( )
(ੲ) ਹਮਾਯੂੰ ( ) (ੲ) ਅਕਬਰ ( )

੧੩) ਇਹਨਾਂ ਵਿਚੋਂ ਕਿਹੜੇ ਸ਼ਹਿਰ ਦਾ ਨਾਮ 'ਗੁਰੂ ਕਾ ਚੱਕ' ਸੀ?
(ੳ) ਸ੍ਰੀ ਅੰਮ੍ਰਿਤਸਰ ਸਾਹਿਬ ( ) (ਅ) ਸ੍ਰੀ ਆਨੰਦਪੁਰ ਸਾਹਿਬ ( )
(ੲ) ਸ੍ਰੀ ਨਨਕਾਣਾ ਸਾਹਿਬ ( ) (ਸ) ਸ੍ਰੀ ਪਟਨਾ ਸਾਹਿਬ ( )

੧੪) ਮਾਤਾ ਗੁਜਰੀ ਜੀ ਕਿਹੜੇ ਗੁਰੂ ਸਾਹਿਬਾਨ ਦੀ ਮਾਤਾ ਜੀ ਸਨ?
(ੳ) ਗੁਰੂ ਹਰਿਗੋਬਿੰਦ ਜੀ ( ) (ਅ) ਗੁਰੂ ਹਰਿਕ੍ਰਿਸ਼ਨ ਜੀ ( )
(ੲ) ਗੁਰੂ ਗੋਬਿੰਦ ਸਿੰਘ ਜੀ ( ) (ਸ) ਗੁਰੂ ਹਰਿ ਰਾਇ ਜੀ ( )

੧੫) ਉਹ ਕਿਹੜੇ ਗੁਰੂ ਸਾਹਿਬਾਨ ਸਨ ਜਿਹਨਾਂ ਦੇ ਦਾਦਾ ਵੀ ਸ਼ਹੀਦ ਹੋਏ, ਪੋਤੇ ਵੀ ਅਤੇ ਜਿਹਨਾਂ ਦੇ ਪਿਤਾ ਜੀ ਯੋਧਾ ਸਨ ਅਤੇ ਪੁੱਤਰ ਵੀ?
(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਹਰਿ ਰਾਇ ਜੀ ( )
(ੲ) ਗੁਰੂ ਗੋਬਿੰਦ ਸਿੰਘ ਜੀ ( ) (ਸ) ਗੁਰੂ ਤੇਗ ਬਹਾਦਰ ਜੀ ( )

੧੬) ਸ੍ਰੀ ਗੁਰੂ ਗ੍ਰੰਥ ਸਾਹਿਬ ਵਾਸਤੇ ਪਹਿਲੇ ਨਿਯੁਕਤ ਹੋਣ ਵਾਲੇ ਗ੍ਰੰਥੀ ਕੌਣ ਸਨ?
(ੳ) ਭਾਈ ਗੁਰਦਾਸ ਜੀ ( ) (ਅ) ਬਾਬਾ ਬੁੱਢਾ ਜੀ ( )
(ੲ) ਭਾਈ ਮਨੀ ਸਿੰਘ ਜੀ ( ) (ਸ) ਭਾਈ ਨੰਦਲਾਲ ਜੀ ( )

੧੭) 'ਦੋਹਤਾ ਬਾਣੀ ਦਾ ਬੋਹਥਾ' ਪੰਕਤੀ ਕਿਹੜੇ ਗੁਰੂ ਸਾਹਿਬਾਨ ਨਾਲ ਸਬੰਧਿਤ ਹੈ ਅਤੇ ਇਹ ਭਵਿੱਖਬਾਣੀ ਕਿਸ ਦੇ ਬਾਰੇ ਵਿਚ ਕੀਤੀ ਗਈ ਸੀ?
(ੳ) ਗੁਰੂ ਰਾਮਦਾਸ ਜੀ ( ) (ਅ) ਗੁਰੂ ਅਰਜਨ ਦੇਵ ਜੀ ( )
(ੲ) ਗੁਰੂ ਹਰਿਕ੍ਰਿਸ਼ਨ ਜੀ ( ) (ਸ) ਗੁਰੂ ਤੇਗ ਬਹਾਦਰ ਜੀ ( )

੧੮) ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਸਵਰਨ ਮੰਦਰ ਦਾ ਰੂਪ ਕਿਸ ਨੇ ਬਣਵਾਇਆ ਸੀ?
(ੳ) ਗੁਰੂ ਗੋਬਿੰਦ ਸਿੰਘ ਜੀ ( ) (ਅ) ਗੁਰੂ ਹਰਿਗੋਬਿੰਦ ਜੀ ( )
(ੲ) ਮਹਾਰਾਜ ਰਣਜੀਤ ਸਿੰਘ ( ) (ਸ) ਗੁਰੂ ਅਰਜਨ ਦੇਵ ਜੀ ( )

੧੯) 'ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ' ਕਿਸ ਦੀ ਰਚਨਾ ਹੈ?

(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਗੋਬਿੰਦ ਸਿੰਘ ਜੀ ( )
(ੲ) ਗੁਰੂ ਤੇਗ ਬਹਾਦਰ ਜੀ ( ) (ਸ) ਬਾਬਾ ਬੁੱਢਾ ਜੀ ( )

੨੦) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਿਸ ਨੇ ਕੀਤਾ?
(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਗੋਬਿੰਦ ਸਿੰਘ ਜੀ ( )
(ੲ) ਗੁਰੂ ਤੇਗ ਬਹਾਦਰ ਜੀ ( ) (ਸ) ਬਾਬਾ ਬੁੱਢਾ ਜੀ ( )

੨੧) ਇਕ ਗੁਰੂ ਦਾ ਸਿੱਖ ਮੈਦਾਨੇ-ਜੰਗ ਵਿਚ ਬਿਨਾਂ ਕਿਸੀ ਭੇਦ-ਭਾਵ ਦੇ ਸਾਰੇ ਜ਼ਖ਼ਮੀਆਂ ਨੂੰ ਪਾਣੀ ਪਿਲਾਉਂਦਾ ਸੀ। ਉਸ ਗੁਰਸਿੱਖ ਦਾ ਨਾਮ ਹੈ?
(ੳ) ਭਾਈ ਨੰਦਲਾਲ ਜੀ ( ) (ਅ) ਬਾਬਾ ਦੀਪ ਸਿੰਘ ( )
(ੲ) ਭਾਈ ਦਇਆ ਸਿੰਘ ਜੀ ( ) (ਸ) ਭਾਈ ਘਨੱਈਆ ਜੀ ( )

੨੨) ਗੁਰੂ ਤੇਗ ਬਹਾਦਰ ਸਾਹਿਬ ਦੇ ਇਕ ਸਿੱਖ ਨੂੰ ਉਬਲਦੇ ਪਾਣੀ ਵਿਚ ਪਾ ਕੇ ਸ਼ਹੀਦ ਕੀਤਾ ਗਿਆ, ਉਸ ਗੁਰਸਿੱਖ ਦਾ ਕੀ ਨਾਮ ਹੈ?
(ੳ) ਭਾਈ ਮਤੀਦਾਸ ਜੀ ( ) (ਅ) ਭਾਈ ਦਿਆਲਾ ਜੀ ( )
(ੲ) ਭਾਈ ਤਾਰਾ ਸਿੰਘ ਜੀ ( ) (ਸ) ਭਾਈ ਮਤੀਦਾਸ ਜੀ ( )

੨੩) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਇਕ ਸਿੱਖ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਕਰ ਦਿੱਤਾ ਗਿਆ, ਉਸ ਗੁਰਸਿੱਖ ਦਾ ਕੀ ਨਾਮ ਹੈ?
(ੳ) ਭਾਈ ਮਨੀ ਸਿੰਘ ਜੀ ( ) (ਅ) ਭਾਈ ਸੁਬੇਗ ਸਿੰਘ ਜੀ ( )
(ੲ) ਭਾਈ ਤਾਰਾ ਸਿੰਘ ਜੀ ( ) (ਸ) ਭਾਈ ਮਤੀਦਾਸ ਜੀ ( )

੨੪) ਇਕ ਗੁਰੂ ਦੇ ਸਿੱਖ ਨੇ ਆਪਣੇ ਧਰਮ ਦੀ ਰੱਖਿਆ ਕਰਦੇ ਹੋਏ ਆਪਣੀ ਖੋਪੜੀ ਉਤਰਵਾ ਲਈ ਪਰੰਤੂ ਕੇਸਾਂ, ਜੋ ਕਿ ਸਿੱਖੀ ਦਾ ਅਨਿੱਖੜਵਾਂ ਅੰਗ ਹੈ, ਉਤੇ ਆਂਚ ਨਹੀਂ ਆਉਣ ਦਿੱਤੀ। ਉਸ ਗੁਰਸਿੱਖ ਦਾ ਨਾਮ ਕੀ ਹੈ?
(ੳ) ਬਾਬਾ ਬੰਦਾ ਸਿੰਘ ਬਹਾਦਰ ( ) (ਅ) ਬਾਬਾ ਦੀਪ ਸਿੰਘ ਜੀ ( )
(ੲ) ਭਾਈ ਦਿਆਲਾ ਜੀ ( ) (ਸ) ਭਾਈ ਤਾਰੂ ਸਿੰਘ ਜੀ ( )

੨੫) ਇਕ ਹੋਰ ਗੁਰਸਿੱਖ ਨੂੰ ਚਰਖੜੀ ਉਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ ਪਰੰਤੂ ਉਸ ਨੇ ਆਪਣੇ ਧਰਮ ਉਤੇ ਆਂਚ ਨਹੀਂ ਆਉਣ ਦਿੱਤੀ, ਉਹ ਕੌਣ ਸੀ?
(ੳ) ਭਾਈ ਸੁਬੇਗ ਸਿੰਘ ਜੀ ( ) (ਅ) ਭਾਈ ਮਤੀਦਾਸ ਜੀ ( )
(ੲ) ਭਾਈ ਦਇਆ ਸਿੰਘ ਜੀ ( ) (ਸ) ਭਾਈ ਮਨੀ ਸਿੰਘ ਜੀ ( )

੨੬) ਗੁਰੂ ਦੇ ਇਕ ਸਿੱਖ ਦੇ ਸਰੀਰ ਦੇ ਬੰਦ-ਬੰਦ ਕੱਟ ਕੇ ਟੁਕੜੇ-ਟੁਕੜੇ ਕਰ ਕੇ ਸ਼ਹੀਦ ਕੀਤਾ ਗਿਆ ਪਰੰਤੂ ਉਸ ਨੇ ਆਪਣੇ ਧਰਮ ਉਤੇ ਆਂਚ ਨਹੀਂ ਆਉਣ ਦਿੱਤੀ, ਉਸ ਗੁਰਸਿੱਖ ਦਾ ਕੀ ਨਾਮ ਸੀ?
(ੳ) ਭਾਈ ਮਤੀਦਾਸ ਜੀ ( ) (ਅ) ਭਾਈ ਸਤੀਦਾਸ ਜੀ ( )
(ੲ) ਭਾਈ ਦਇਆ ਸਿੰਘ ਜੀ ( ) (ਸ) ਭਾਈ ਮਨੀ ਸਿੰਘ ਜੀ ( )

੨੭) 'ਗੁਰੂ ਲਾਧੋ ਰੇ' ਪੰਕਤੀ ਕਿਸ ਗੁਰੂ ਸਾਹਿਬਾਨ ਨਾਲ ਸਬੰਧਿਤ ਹੈ?
(ੳ) ਗੁਰੂ ਅੰਗਦ ਦੇਵ ਜੀ ( ) (ਅ) ਗੁਰੂ ਤੇਗ ਬਹਾਦਰ ਜੀ ( )
(ੲ) ਗੁਰੂ ਗੋਬਿੰਦ ਸਿੰਘ ਜੀ ( ) (ਸ) ਗੁਰੂ ਨਾਨਕ ਦੇਵ ਜੀ ( )

੨੮) ਮੀਰੀ-ਪੀਰੀ ਦੀਆਂ ਤਲਵਾਰਾਂ ਕਿਸ ਸਥਿਤੀ ਦੀਆਂ ਪ੍ਰਤੀਕ ਹਨ?
(ੳ) ਸੰਪ੍ਰਦਾਇਕ ਸਦਭਾਵਨਾ ( ) (ਅ) ਖ਼ਾਲਸਾ ਪੰਥ ( )
(ੲ) ਸ਼ਸਤਰ ਨਿਪੁੰਨਤਾ ( ) ਭਗਤੀ ਅਤੇ ਸ਼ਕਤੀ ( )

੨੯) ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਗਰੁ ਪਦ' ਕਿਸੇ ਨੇ ਦਿੱਤਾ?
(ੳ) ਭਾਈ ਗੁਰਦਾਸ ਜੀ ( ) (ਅ) ਬਾਬਾ ਬੁੱਢਾ ਜੀ ( )
(ੲ) ਗੁਰੂ ਅਰਜਨ ਦੇਵ ਜੀ ( ) (ਸ) ਗੁਰੂ ਗੋਬਿੰਦ ਸਿੰਘ ਜੀ ( )

੩੦) ਇਹਨਾਂ ਵਿਚੋਂ ਕਿਹੜਾ ਇਤਿਹਾਸਕ ਗੁਰਦੁਆਰਾ ਦਿੱਲੀ ਵਿਚ ਨਹੀਂ ਹੈ?
(ੳ) ਬੰਗਲਾ ਸਾਹਿਬ ( ) (ਅ) ਮਜਨੂੰ ਕਾ ਟਿੱਲਾ ( )
(ੲ) ਨਾਨਕਮੱਤਾ ( ) (ਸ) ਨਾਨਕ ਪਿਆਓ ( )

੩੧) ਸਿੱਖ ਇਤਿਹਾਸ ਵਿਚ ਗੁਰੂ-ਗੱਦੀ ਦੀ ਤਬਦੀਲੀ ਵਾਸਤੇ ਮਾਪਦੰਡ ਅਤੇ ਕਸੌਟੀ ਕੀ ਸੀ?
(ੳ) ਗੁਰੂ ਸਾਹਿਬਾਨ ਦਾ ਜੇਠਾ ਪੁੱਤਰ ( )
(ਅ) ਸੰਗਤ ਦੁਆਰਾ ਚੋਣ ( )
(ੲ) ਸਭ ਤੋਂ ਬਲਵਾਨ ਅਤੇ ਸ਼ਕਤੀਸ਼ਾਲੀ ਵਿਅਕਤੀ ( )
(ਸ) ਵਿਅਕਤੀਗਤ ਯੋਗਤਾ, ਗੁਰੂ ਘਰ ਦੇ ਪ੍ਰਤੀ ਸੇਵਾ-ਭਾਵ ਅਤੇ ਅਟੁੱਟ ਸ਼ਰਧਾ ਵਿਸ਼ਵਾਸ ਰੱਖਣ ਵਾਲਾ ( )

੩੨) ਪ੍ਰਚਲਿਤ ਪੰਕਤੀ 'ਸਭ ਸਿਖਨ ਕੋ ਹੁਕਮ ਹੈਂ.... ਵਿਚ ਸ੍ਰੀ ਗੁਰੂ ਗੋਬਿੰਦ ਸਿੰਘੰ ਜੀ ਦਾ ਸਿੱਖ ਪੰਥ ਵਾਸਤੇ ਕੀ ਆਦੇਸ਼ ਸੀ?
(ੳ) ਹੁਣ ਸਿੱਖ ਅੰਮ੍ਰਿਤ ਪਾਨ ਕਰਨ ( )
(ਅ) ਸਾਰੇ ਸਿੱਖ ਸ਼ਸਤਰ ਧਾਰਣ ਕਰਨ ( )
(ੲ) ਸਭ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਣ ( )
(ਸ) ਪੰਜ ਕਕਾਰ ਧਾਰਨ ਕਰਨ ( )

੩੩) 'ਤੇਰੀ ਉਪਮਾ ਤੋਹੇ ਬਣ ਆਵੈਂ' ਕਿਹੜੇ ਗੁਰੂ ਸਾਹਿਬਾਨ ਦੀ ਪੰਕਤੀ ਹੈ?
(ੳ) ਗੁਰੂ ਅਮਰਦਾਸ ਜੀ ( ) (ਅ) ਗੁਰੂ ਰਾਮਦਾਸ ਜੀ ( )
(ੲ) ਗੁਰੂ ਨਾਨਕ ਦੇਵ ਜੀ ( ) (ਸ) ਗੁਰੂ ਅਰਜਨ ਦੇਵ ਜੀ ( )

੩੪) ਭਾਈ ਗੁਰਦਾਸ ਜੀ ਦੁਆਰਾ ਰਚਿਤ ਇਕ ਹੋਰ ਪੰਕਤੀ 'ਗੁਰਮੁਖ ਕਲਿ ਵਿਚਿ ਪ੍ਰਗਟ ਹੋਯਾ' ਵਿਚ ਕਿਸ ਗੁਰਮੁਖ ਦਾ ਵਰਣਨ ਹੈ?

(ੳ) ਗੁਰੂ ਅਰਜਨ ਦੇਵ ਜੀ ( ) (ਅ) ਭਾਈ ਲਹਿਣਾ ਜੀ ( )
(ੲ) ਗੁਰੂ ਰਾਮਦਾਸ ਜੀ ( ) (ਸ) ਗੁਰੂ ਨਾਨਕ ਦੇਵ ਜੀ ( )

੩੫) ਪ੍ਰਚਲਿਤ ਪੰਕਤੀ 'ਫਿਰ ਸੰਕਟ ਯੋਨਿ ਗਰਨ ਨ ਆਯੋ' ਕਿਸ ਦੇ ਸਬੰਧ ਵਿਚ ਹੈ?
(ੳ) ਗੁਰੂ ਨਾਨਕ ਦੇਵ ਜੀ ( ) (ਅ) ਗੁਰੂ ਹਰਿਕ੍ਰਿਸ਼ਨ ਜੀ ( )
(ੲ) ਗੁਰੂ ਅਰਜਨ ਦੇਵ ਜੀ ( ) (ਸ) ਗੁਰੂ ਤੇਗ ਬਹਾਦਰ ਜੀ ( )

੩੬) 'ਘਰ ਨਉ ਨਿਧਿ ਆਵੈ ਧਾਇ' ਕਿਸ ਗੁਰੂ ਸਾਹਿਬਾਨ ਦੇ ਸਬੰਧ ਵਿਚ ਹੈ?
(ੳ) ਗੁਰੂ ਨਾਨਕ ਦੇਵ ਜੀ ( ) (ਅ) ਗੁਰੂ ਹਰਿਕ੍ਰਿਸ਼ਨ ਜੀ ( )
(ੲ) ਗੁਰੂ ਅਰਜਨ ਦੇਵ ਜੀ ( ) (ਸ) ਗੁਰੂ ਤੇਗ ਬਹਾਦਰ ਜੀ ( )

੩੭) 'ਜਿਸ ਡਿਠੈ ਸਭ ਦੁਖ ਜਾਇ' ਪੰਕਤੀ ਕਿਸ ਗੁਰੂ ਸਾਹਿਬਾਨ ਵਾਸਤੇ ਕਹੀ ਗਈ ਹੈ?
(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਹਰਿਕ੍ਰਿਸ਼ਨ ਜੀ ( )
(ੲ) ਗੁਰੂ ਹਰਿ ਰਾਇ ਜੀ ( ) (ਸ) ਗੁਰੂ ਹਰਿਗੋਬਿੰਦ ਜੀ ( )

੩੮) 'ਬੈਠਾ ਸੋਢੀ ਪਾਤਸ਼ਾਹ' ਕਿਹੜੇ ਗੁਰੂ ਸਾਹਿਬਾਨ ਵਾਸਤੇ ਕਿਹਾ ਗਿਆ ਹੈ?
(ੳ) ਗੁਰੂ ਰਾਮਦਾਸ ਜੀ ( ) (ਅ) ਗੁਰੂ ਅਰਜਨ ਦੇਵ ਜੀ ( )
(ੲ) ਗੁਰੂ ਗੋਬਿੰਦ ਸਿੰਘ ਜੀ ( ) (ਸ) ਗੁਰੂ ਹਰਿਗੋਬਿੰਦ ਜੀ ( )

੩੯) 'ਹਿੰਦ ਦੀ ਚਾਦਰ' ਕਿਹੜੇ ਗੁਰੂ ਸਾਹਿਬਾਨ ਨੂੰ ਸੰਬੋਧਿਤ ਹੈ?
(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਤੇਗ ਬਹਾਦਰ ਜੀ ( )
(ੲ) ਗੁਰੂ ਗੋਬਿੰਦ ਸਿੰਘ ਜੀ ( ) (ਸ) ਗੁਰੂ ਨਾਨਕ ਦੇਵ ਜੀ ( )

੪੦) ਸਿੱਖ ਇਤਿਹਾਸ ਦਾ ਪਹਿਲਾ ਸ਼ਹੀਦ ਕੌਣ ਹੈ?
(ੳ) ਗੁਰੂ ਤੇਗ ਬਹਾਦਰ ਜੀ ( ) (ਅ) ਗੁਰੂ ਅਰਜਨ ਦੇਵ ਜੀ ( )
(ੲ) ਬਾਬਾ ਦੀਪ ਸਿੰਘ ਜੀ ( ) (ਸ) ਭਾਈ ਮਤੀਦਾਸ ਜੀ ( )

੪੧) 'ਨਿਓਟਿਆ ਦੀ ਓਟ, ਨਿਆਸਰਿਆਂ ਦਾ ਆਸਰਾ, ਨਿਥਾਵਿਆਂ ਦਾ ਥਾਂ' ਕਿਸ ਗੁਰੂ ਸਾਹਿਬਾਨ ਦੀ ਉਪਮਾ ਹੈ?
(ੳ) ਗੁਰੂ ਤੇਗ ਬਹਾਦਰ ਜੀ ( ) (ਅ) ਗੁਰੂ ਨਾਨਕ ਦੇਵ ਜੀ ( )
(ੲ) ਗੁਰੂ ਅਮਰਦਾਸ ਜੀ ( ) (ਸ) ਗੁਰੂ ਅਰਜਨ ਦੇਵ ਜੀ ( )

੪੨) ਮੀਰੀ-ਪੀਰੀ ਦੇ ਸੰਸਥਾਪਕ ਕੌਣ ਸਨ?
(ੳ) ਗੁਰੂ ਗੋਬਿੰਦ ਸਿੰਘ ਜੀ ( ) (ਅ) ਗੁਰੂ ਹਰਿਗੋਬਿੰਦ ਜੀ ( )
(ੲ) ਗੁਰੂ ਤੇਗ ਬਹਾਦਰ ਜੀ ( ) (ਸ) ਗੁਰੂ ਅਰਜਨ ਦੇਵ ਜੀ ( )

੪੩) 'ਨ ਕੋਊ ਹਿੰਦੂ, ਨ ਕੋਊ ਮੁਸਲਮਾਨ' ਕਿਹੜੇ ਗੁਰੂ ਸਾਹਿਬਾਨ ਦੀ ਅਨੁਭੂਤੀ ਸੀ?
(ੳ) ਗੁਰੂ ਨਾਨਕ ਦੇਵ ਜੀ ( ) (ਅ) ਗੁਰੂ ਗੋਬਿੰਦ ਸਿੰਘ ਜੀ ( )
(ੲ) ਗੁਰੂ ਅਰਜਨ ਦੇਵ ਜੀ ( ) (ਸ) ਗੁਰੂ ਤੇਗ ਬਹਾਦਰ ਜੀ ( )

੪੪) 'ਦਲ ਭੰਜਨ ਗੁਰ ਸੂਰਮਾ ਬਡ ਜੋਧਾ ਬਹੁ ਪਰਉਪਕਾਰੀ' ਕਿਸ ਦੇ ਵਾਸਤੇ ਕਿਹਾ ਗਿਆ ਹੈ?
(ੳ) ਬਾਬਾ ਦੀਪ ਸਿੰਘ ਜੀ ( ) (ਅ) ਗੁਰੂ ਗੋਬਿੰਦ ਸਿੰਘ ਜੀ ( )
(ੲ) ਗੁਰੂ ਹਰਿਗੋਬਿੰਦ ਜੀ ( ) (ਸ) ਬਾਬਾ ਬੰਦਾ ਸਿੰਘ ਬਹਾਦਰ ( )

੪੫) 'ਸਰੀਰ ਪੰਥ ਵਿਚ, ਆਤਮਾ ਗ੍ਰੰਥ ਵਿਚ' ਕਿਸ ਦਾ ਅੰਤਿਮ ਸੰਦੇਸ਼ ਸੀ?
(ੳ) ਗੁਰੂ ਗੋਬਿੰਦ ਸਿੰਘ ਜੀ ( ) (ਅ) ਮਹਾਰਾਜਾ ਰਣਜੀਤ ਸਿੰਘ ( )
(ੲ) ਬਾਬਾ ਫੂਲਾ ਸਿੰਘ ( ) (ਸ) ਬਾਬਾ ਬੰਦਾ ਸਿੰਘ ਬਹਾਦਰ ( )

੪੬) ਗੁਰੂ ਅਰਜਨ ਦੇਵ ਜੀ ਨੇ ਬਾਰਹ ਮਾਹ ਦਾ ਉਚਾਰਣ (ਰਚਨਾ) ਕਿਸ ਰਾਗ ਵਿਚ ਕੀਤਾ?
(ੳ) ਮਾਝ ( ) (ਅ) ਤੁਖਾਰੀ ( )
(ੲ) ਟੋਡੀ ( ) (ਸ) ਭੈਰਵੀ ( )

੪੭) 'ਆਸਾ ਦੀ ਵਾਰ' ਜੋ ਕਿ ਰੋਜ਼ਾਨਾ ਗੁਰਦੁਆਰਿਆਂ ਵਿਚ ਗਾਈ ਜਾਂਦੀ ਹੈ, ਉਸ ਵਿਚ ਕਿੰਨੀਆਂ ਪਉੜੀਆਂ ਹਨ?
(ੳ) ੪੦ ( ) (ਅ) ੧੬ ( )
(ੲ) ੨੦ ( ) (ਸ) ੨੪ ( )

੪੮) 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਕਿਸ ਦੀ ਰਚਨਾ ਹੈ?
(ੳ) ਭਾਈ ਨੰਦਲਾਲ ਜੀ ( ) (ਅ) ਭਾਈ ਗੁਰਦਾਸ ਜੀ-੧ ( )
(ੲ) ਭਾਈ ਗੁਰਦਾਸ ਜੀ-੨ ( ) (ਸ) ਭਾਈ ਸੰਤੋਖ ਸਿੰਘ ਜੀ ( )

੪੯) ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਕਿਸ ਨੂੰ ਲਾਹੌਰ ਵਿਚ ਸ਼ਹੀਦ ਕੀਤਾ ਸੀ?
(ੳ) ਗੁਰੂ ਤੇਗ ਬਹਾਦਰ ਜੀ ( ) (ਅ) ਭਾਈ ਦਿਆਲਾ ਜੀ ( )
(ੲ) ਬਾਬਾ ਬੰਦਾ ਸਿੰਘ ਜੀ ਬਹਾਦਰ ( ) (ਸ)
ਗੁਰੂ ਅਰਜਨ ਦੇਵ ਜੀ ( )

੫੦) 'ਛੇਹਰਟਾ' ਸਾਹਿਬ (ਅੰਮ੍ਰਿਤਸਰ) ਇਤਿਹਾਸਕ ਗੁਰਦੁਆਰਾ ਦੀ ਯਾਦਗਾਰ ਹੈ?
(ੳ) ਗੁਰੂ ਹਰਿਕ੍ਰਿਸ਼ਨ ਜੀ ( ) (ਅ) ਗੁਰੂ ਅਰਜਨ ਦੇਵ ਜੀ ( )
(ੲ) ਗੁਰੂ ਹਰਿ ਰਾਇ ਜੀ ( ) (ਸ) ਗੁਰੂ ਹਰਿਗੋਬਿੰਦ ਜੀ ( )

੫੧) 'ਗੁਰਦੁਆਰਾ ਰੀਠਾ ਸਾਹਿਬ' ਕਿਸ ਦੀ ਯਾਦਗਾਰ ਵਿਚ ਹੈ?
(ੳ) ਗੁਰੂ ਅਮਰਦਾਸ ਜੀ ( ) (ਅ) ਗੁਰੂ ਨਾਨਕ ਦੇਵ ਜੀ ( )
(ੲ) ਗੁਰੂ ਅੰਗਦ ਦੇਵ ਜੀ ( ) (ਸ) ਗੁਰੂ ਅਰਜਨ ਦੇਵ ਜੀ ( )

੫੨) 'ਸ੍ਰੀ ਪਾਉਂਟਾ ਸਾਹਿਬ' ਦੇ ਸਥਾਨ ਨਾਲ ਕਿਸ ਗੁਰੂ ਸਾਹਿਬ ਦਾ ਯਾਦਗਾਰ ਜੁੜੀ ਹੈ?
(ੳ) ਗੁਰੂ ਨਾਨਕ ਦੇਵ ਜੀ ( ) (ਅ) ਗੁਰੂ ਅਰਜਨ ਦੇਵ ਜੀ ( )
(ੲ) ਗੁਰੂ ਹਰਿਗੋਬਿੰਦ ਜੀ ( ) (ਸ) ਗੁਰੂ ਗੋਬਿੰਦ ਸਿੰਘ ਜੀ ( )

੫੩) 'ਗੁਰੂ ਕੀ ਕਾਸ਼ੀ' ਕਿਸ ਗੁਰਦੁਆਰਾ ਸਾਹਿਬ ਦਾ ਨਾਮ ਹੈ?
(ੳ) ਸ੍ਰੀ ਨਨਕਾਣਾ ਸਾਹਿਬ ( ) (ਅ) ਸ੍ਰੀ ਪੰਜਾ ਸਾਹਿਬ ( )
(ੲ) ਸ੍ਰੀ ਆਨੰਦਪੁਰ ਸਾਹਿਬ ( ) (ਸ) ਸ੍ਰੀ ਦਮਦਮਾ ਸਾਹਿਬ ( )

੫੪) 'ਸ੍ਰੀ ਕੇਸਗੜ੍ਹ ਸਾਹਿਬ' ਕਿਥੇ ਸਥਿਤ ਹੈ?

(ੳ) ਸ੍ਰੀ ਪਟਨਾ ਸਾਹਿਬ ( ) (ਅ) ਸ੍ਰੀ ਅੰਮ੍ਰਿਤਸਰ ( )
(ੲ) ਸ੍ਰੀ ਆਨੰਦਪੁਰ ਸਾਹਿਬ ( ) (ਸ) ਸ੍ਰੀ ਨਾਂਦੇੜ ਸਾਹਿਬ ( )

੫੫) 'ਗੁਰਦੁਆਰਾ ਸ੍ਰੀ ਨਨਕਮੱਤਾ ਸਾਹਿਬ' ਕਿਥੇ ਸਥਿਤ ਹੈ?
(ੳ) ਉਧਮ ਸਿੰਘ ਨਗਰ ( ) (ਅ) ਪਿਥੌੜਾਗੜ੍ਹ ( )
(ੲ) ਦਿੱਲੀ ( ) (ਸ) ਗਵਾਲੀਅਰ ( )

੫੬) 'ਤੀਰਥ ਤਪੁ ਦਇਆ ਦਤੁ ਦਾਨੁ' ਕਿਸ ਬਾਣੀ ਦੀ ਪੰਕਤੀ ਹੈ?
(ੳ) ਸੋਦਰ ਰਹਿਰਾਸ ( ) (ਅ) ਆਨੰਦ ਸਾਹਿਬ ( )
(ੲ) ਜਪੁਜੀ ਸਾਹਿਬ ( ) (ਸ) ਕੀਰਤਨ ਸੋਹਿਲਾ ( )

੫੭) 'ਥਿਤਿ ਵਾਰ ਨ ਜੋਗੀ ਜਾਣੈ, ਰੁਤਿ ਮਾਹੁ ਨ ਕੋਈ' ਕਿਸ ਬਾਣੀ ਦੀ ਪੰਕਤੀ ਹੈ?
(ੳ) ਜਪੁਜੀ ਸਾਹਿਬ ( ) (ਅ) ਸੁਖਮਨੀ ਸਾਹਿਬ ( )
(ੲ) ਆਨੰਦ ਸਾਹਿਬ ( ) (ਸ) ਸੋਦਰ ਰਹਿਰਾਸ ( )

੫੮) 'ਅੰਤਰਜਾਮੀ ਪੁਰਖ ਵਿਧਾਤੇ ਸਰਧਾ ਮਨ ਦੀ ਪੂਰੇ' ਕਿਸ ਬਾਣੀ ਦੀ ਪੰਕਤੀ ਹੈ?
(ੳ) ਸੁਖਮਨੀ ਸਾਹਿਬ ( ) (ਅ) ਆਸਾ ਦੀ ਵਾਰ ( )
(ੲ) ਕੀਰਤਨ ਸੋਹਿਲਾ ( ) (ਸ) ਆਨੰਦ ਸਾਹਿਬ ( )

੫੯) 'ਆਨੰਦ ਸਾਹਿਬ' ਕਿਸ ਗੁਰੂ ਸਾਹਿਬਾਨ ਦੀ ਰਚਨਾ ਹੈ?
(ੳ) ਗੁਰੂ ਨਾਨਕ ਦੇਵ ਜੀ ( ) (ਅ) ਗੁਰੂ ਅਮਰਦਾਸ ਜੀ ( )
(ੲ) ਸ੍ਰੀ ਕਬੀਰ ਦਾਸ ਜੀ ( ) (ਸ) ਗੁਰੂ ਗੋਬਿੰਦ ਸਿੰਘ ਜੀ ( )

੬੦) 'ਆਨੰਦ ਸਾਹਿਬ' ਬਾਣੀ ਕਿਸ ਰਾਗ ਵਿਚ ਲਿਖੀ ਗਈ ਹੈ?
(ੳ) ਸੋਰਠ ( ) (ਅ) ਬਸੰਤ ( )
(ੲ) ਵਡਹੰਸ ( ) (ੲ) ਰਾਮਕਲੀ ( )

੬੧) 'ਸਿਰ ਕੰਪੈ ਪਗੁ ਡਗ ਮਗੈ, ਨਾਯਨ ਜੋਤਿ ਤੇ ਹੀਨ' ਕਿਸ ਬਾਣੀ ਦੀ ਪੰਕਤੀ ਹੈ?
(ੳ) ਜਪੁਜੀ ਸਾਹਿਬ ( ) (ਅ) ਸੋਦਰ ਰਹਿਰਾਸ ( )
(ੲ) ਆਨੰਦ ਸਾਹਿਬ ( ) (ਸ) ਸਲੋਕ ਮਹਲਾ ੯ਵਾਂ ( )

੬੨) 'ਸਿਰਿ ਸਿਰਿ ਰਿਜਕੁ ਸੰਬਾਹਿ ਠਾਕੁਰ ਕਾਹੇ ਮਨ ਭਉ ਕਰਿਆ' ਕਿਸ ਬਾਣੀ ਦੀ ਪੰਕਤੀ ਹੈ?
(ੳ) ਜਪੁਜੀ ਸਾਹਿਬ ( ) (ਅ) ਸੋਦਰ ਰਹਿਰਾਸ ( )
(ਅ) ਆਨੰਦ ਸਾਹਿਬ ( ) (ਸ) ਆਸਾ ਦੀ ਵਾਰ ( )

੬੩) 'ਆਨੰਦ ਕਾਰਜ' ਦੇ ਸਮੇਂ ਦੰਪਤੀ ਦੇ ਫੇਰਿਆਂ ਸਮੇਂ ਜੋ ਬਾਣੀ 'ਲਾਵਾਂ' ਪੜ੍ਹਨ ਦੀ ਪਰੰਪਰਾ ਹੈ, ਉਹ ਕਿਸ ਗੁਰੂ ਸਾਹਿਬਾਨ ਦੀ ਹੈ?
(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਅੰਗਦ ਦੇਵ ਜੀ ( )
(ੲ) ਗੁਰੂ ਨਾਨਕ ਦੇਵ ਜੀ ( ) (ਸ) ਗੁਰੂ ਰਾਮਦਾਸ ਜੀ ( )

੬੪) 'ਆਨੰਦ ਕਾਰਜਾਂ' ਦੀ ਬਾਣੀ 'ਲਾਵਾਂ' ਕਿਸ ਰਾਗ ਵਿਚ ਹੈ?
(ੳ) ਰਾਗ ਟੋਡੀ ( ) (ਅ) ਸਿਰੀ ਰਾਗ ( )
(ਅ) ਰਾਗ ਸੂਹੀ ( ) (ੲ) ਰਾਗ ਗੁਜਰੀ ( )

੬੫) ਸਿੱਖ ਇਤਿਹਾਸ ਵਿਚ, ਗੁਰਸਿੱਖ ਭਾਈ ਲਾਲੋ ਜੀ ਦਾ ਸਬੰਧ ਕਿਸ ਗੁਰੂ ਸਾਹਿਬਾਨ ਦੇ ਜੀਵਨ-ਕਾਲ ਨਾਲ ਹੈ?
(ੳ) ਗੁਰੂ ਹਰਿ ਰਾਇ ਜੀ ( ) (ਅ) ਗੁਰੂ ਨਾਨਕ ਦੇਵ ਜੀ ( )
(ਅ) ਗੁਰੂ ਤੇਗ ਬਹਾਦਰ ਜੀ ( ) (ਸ) ਗੁਰੂ ਅੰਗਦ ਦੇਵ ਜੀ ( )

੬੬) ਸਿੱਖ ਇਤਿਹਾਸ ਵਿਚ, ਗੁਰਸਿੱਖ ਭਾਈ ਘਨੱਈਆ ਜੀ ਦਾ ਸਬੰਧ ਕਿਸ ਗੁਰੂ ਸਾਹਿਬਾਨ ਦੇ ਜੀਵਨ-ਕਾਲ ਨਾਲ ਹੈ?
(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਤੇਗ਼ ਬਹਾਦਰ ਜੀ ( )
(ੲ) ਗੁਰੂ ਹਰਿਗੋਬਿੰਦ ਸਿੰਘ ( ) (ਸ) ਗੁਰੂ ਗੋਬਿੰਦ ਸਿੰਘ ਜੀ ( )

੬੭) ਬਾਬਾ ਬੰਦਾ ਸਿੰਘ ਬਹਾਦਰ ਦਾ ਸਬੰਧ ਕਿਸ ਗੁਰੂ ਸਾਹਿਬਾਨ ਦੇ ਜੀਵਨ-ਕਾਲ ਨਾਲ ਹੈ?
(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਤੇਗ਼ ਬਹਾਦਰ ਜੀ ( )
(ੲ) ਗੁਰੂ ਹਰਿਗੋਬਿੰਦ ਜੀ ( ) (ਸ) ਗੁਰੂ ਗੋਬਿੰਦ ਸਿੰਘ ਜੀ ( )

੬੮) ਮਾਤਾ ਸੁਲੱਖਣੀ ਜੀ ਕਿਸ ਗੁਰੂ ਜੀ ਦੀ ਮਾਤਾ ਦਾ ਨਾਮ ਸੀ?
(ੳ) ਗੁਰੂ ਅੰਗਦ ਦੇਵ ਜੀ ( ) (ਅ) ਗੁਰੂ ਤੇਗ਼ ਬਹਾਦਰ ਜੀ ( )
(ੲ) ਗੁਰੂ ਨਾਨਕ ਦੇਵ ਜੀ ( ) (ਸ) ਗੁਰੂ ਅਮਰਦਾਸ ਜੀ ( )

੬੯) ਫ਼ਾਰਸੀ ਦੇ ਵਿਦਵਾਨ ਕਵੀ ਅਤੇ ਗੁਰਸਿੱਖ ਭਾਈ ਨੰਦਲਾਲ ਜੀ ਦਾ ਸਬੰਧ ਕਿਸ ਗੁਰੂ ਸਾਹਿਬਾਨ ਦੇ ਜੀਵਨ-ਕਾਲ ਨਾਲ ਹੈ?
(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਨਾਨਕ ਦੇਵ ਜੀ ( )
(ੲ) ਗੁਰੂ ਰਾਮਦਾਸ ਜੀ ( ) (ਸ) ਗੁਰੂ ਗੋਬਿੰਦ ਸਿੰਘ ਜੀ ( )

੭੦) ਸੂਫ਼ੀ ਮੁਸਲਿਮ ਫ਼ਕੀਰ ਪੀਰ ਬੁੱਧੂ ਸ਼ਾਹ ਦਾ ਸਬੰਧ ਕਿਸ ਗੁਰੂ ਸਾਹਿਬਾਨ ਦੇ ਜੀਵਨ-ਕਾਲ ਨਾਲ ਹੈ?
(ੳ) ਗੁਰੂ ਨਾਨਕ ਦੇਵ ਜੀ ( ) (ਅ) ਗੁਰੂ ਅਮਰਦਾਸ ਜੀ ( )
(ੲ) ਗੁਰੂ ਹਰਿ ਰਾਇ ਜੀ ( ) (ਸ) ਗੁਰੂ ਗੋਬਿੰਦ ਸਿੰਘ ਜੀ ( )

੭੧) ਗੁਰਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਜੀ ਫਦਾ ਸਬੰਧ ਕਿਸ ਗੁਰੂ ਸਾਹਿਬਾਨ ਦੇ ਜੀਵਨ-ਕਾਲ ਨਾਲ ਹੈ?
(ੳ) ਗੁਰੂ ਗੋਬਿੰਦ ਸਿੰਘ ਜੀ ( ) (ਅ) ਗੁਰ ਹਰਿਗੋਬਿੰਦ ਜੀ ( )
(ੲ) ਗੁਰੂ ਨਾਨਕ ਦੇਵ ਜੀ ( ) (ਸ) ਗੁਰੂ ਤੇਗ਼ ਬਹਾਦਰ ਜੀ ( )

੭੨) ਅਹੰਕਾਰੀ ਵਲੀ ਕੰਧਾਰੀ ਦਾ ਸਬੰਧ ਕਿਸ ਗੁਰੂ ਸਾਹਿਬਾਨ ਦੇ ਜੀਵਨ-ਕਾਲ ਨਾਲ ਹੈ?
(ੳ) ਗੁਰੂ ਅੰਗਦ ਦੇਵ ਜੀ ( ) (ਅ) ਗੁਰੂ ਅਰਜਨ ਦੇਵ ਜੀ ( )
(ੲ) ਗੁਰੂ ਨਾਨਕ ਦੇਵ ਜੀ ( ) (ਸ) ਗੁਰੂ ਗੋਬਿੰਦ ਸਿੰਘ ਜੀ ( )

੭੩) ਰਾਇ ਬੁਲਾਰ ਨਾਮਕ ਵਿਅਕਤੀ ਦਾ ਸਬੰਧ ਕਿਸ ਗੁਰੂ ਸਾਹਿਬਾਨ ਦੇ ਜੀਵਨ-ਕਾਲ ਨਾਲ ਹੈ?

(ੳ) ਗੁਰੂ ਗੋਬਿੰਦ ਸਿੰਘ ਜੀ ( ) (ਅ) ਗੁਰੂ ਅਰਜਨ ਦੇਵ ਜੀ ( )
(ੲ) ਗੁਰੂ ਤੇਗ ਬਹਾਦਰ ਜੀ ( ) (ਸ) ਗੁਰੂ ਨਾਨਕ ਦੇਵ ਜੀ ( )

੭੪) ਗੁਰਸਿੱਖ ਸੱਤਾ ਬਲਵੰਡ ਦਾ ਸਬੰਧ ਕਿਸ ਗੁਰੂ ਸਾਹਿਬਾਨ ਦੇ ਜੀਵਨ-ਕਾਲ ਨਾਲ ਹੈ?
(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਰਾਮਦਾਸ ਜੀ ( )
(ੲ) ਗੁਰੂ ਅਮਰਦਾਸ ਜੀ ( ) (ਸ) ਗੁਰੂ ਗੋਬਿੰਦ ਸਿੰਘ ਜੀ ( )

੭੫) ਨਿਮਨ-ਲਿਖਤ ਗੁਰੂ ਸਾਹਿਬਾਨਾਂ ਵਿਚੋਂ ਇਕ ਗੁਰੂ ਸਾਹਿਬਾਨ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ। ਪਰੰਤੂ ਉਹਨਾਂ ਦੀ ਲਿਖਤ ਬਾਣੀ ਨੂੰ ਸਿੱਖ ਪਰੰਪਰਾ ਅਨੁਸਾਰ ਪ੍ਰਮਾਣਿਕ ਬਾਣੀ ਦਾ ਸਨਮਾਨ ਪ੍ਰਾਪਤ ਹੈ। ਉਹ ਗੁਰੂ ਸਾਹਿਬਾਨ ਕੌਣ ਹਨ?
(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਰਾਮਦਾਸ ਜੀ ( )
(ੲ) ਗੁਰੂ ਅਮਰਦਾਸ ਜੀ ( ) (ਸ) ਗੁਰੂ ਗੋਬਿੰਦ ਸਿੰਘ ਜੀ ( )

੭੬) ਨਿਮਨ-ਲਿਖਤ ਪੰਕਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਨਹੀਂ ਹਨ, ਪਰੰਤੂ ਉਹਨਾਂ ਨੂੰ ਪ੍ਰਮਾਣਿਤ ਬਾਣੀ ਦਾ ਸਨਮਾਨ ਪ੍ਰਾਪਤ ਹੈ। ਉਹ ਪੰਕਤੀ ਕਿਹੜੀ ਹੈ?
(ੳ) ਜੋ ਨਰ ਦੁਖ ਮੇ ਦੁਖ ਨਹੀਂ ਮਾਨੈ ( )
(ਅ) ਜੈਸੀ ਮੈ ਆਵੇ ਖਸਮ ਕੀ ਬਾਣੀ ( )
(ੲ) ਪ੍ਰਥਮ ਭਗਉਤੀ ਸਿਮਰਿ ਕੈ ( )
(ਸ) ਕਾਲੀ ਕੋਇਲ ਤੂ ਕਿਤ ਗੁਣ ਕਾਲੀ,
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ( )

੭੭) 'ਗੋਬਿੰਦ ਮਿਲਣ ਕੀ ਇਹੁ ਤੇਰ ਬਰੀਆ' ਕਿਸ ਬਾਣੀ ਦੀ ਪੰਕਤੀ ਹੈ?
(ੳ) ਸੋਦਰ ਰਹਿਰਾਸ ( ) (ਅ) ਸੁਖਮਨੀ ਸਾਹਿਬ ( )
(ੲ) ਆਨੰਦ ਸਾਹਿਬ ( ) (ਸ) ਜਪੁਜੀ ਸਾਹਿਬ ( )

੭੮) 'ਸੋ ਕਯੋ ਮੰਦਾ ਆਖੀਐ ਜਿਤਿ ਜੰਮਹਿ ਰਾਜਾਨ' ਕਿਸ ਬਾਣੀ ਦੀ ਪੰਕਤੀ ਹੈ?
(ੳ) ਸੁਖਮਨੀ ਸਾਹਿਬ ( ) (ਅ) ਸੋਦਰ ਰਹਿਰਾਸ ( )
(ੲ) ਆਨੰਦ ਸਾਹਿਬ ( ) (ਸ) ਆਸਾ ਦੀ ਵਾਰ ( )

੭੯) 'ਸੈਲ ਪਥਰ ਮਹਿ ਜੰਤ ਉਪਾਏ, ਤਾ ਕਾ ਰਿਜਕੁ ਆਗੈ ਕਰਿ ਧਰਿਆ' ਕਿਸ ਬਾਣੀ ਦੀ ਪੰਕਤੀ ਹੈ?
(ੳ) ਸੁਖਮਨੀ ਸਾਹਿਬ ( ) (ਅ) ਰਹਿਰਾਸ ਸਾਹਿਬ ( )
(ੲ) ਸ਼ਬਦ ਹਜ਼ਾਰੇ ( ) (ਸ) ਆਸਾ ਦੀ ਵਾਰ ( )

੮੦) 'ਆਨੰਦ ਭਯਾ ਮੇਰੀ ਮਾਏ' ਕਿਸ ਬਾਣੀ ਦੀ ਪੰਕਤੀ ਹੈ?
(ੳ) ਬਾਰਹ ਮਾਹ ( ) (ਅ) ਆਨੰਦ ਸਾਹਿਬ ( )
(ੲ) ਸੋਦਰ ਰਹਿਰਾਸ ( ) (ਸ) ਸੁਖਮਨੀ ਸਾਹਿਬ ( )

੮੧) 'ਇਹੁ ਸਰੀਰਾ ਮੇਰਿਆ, ਇਸ ਜਗੁ ਮਹਿ ਆਇ ਕੈ, ਕਿਆ ਤੁਧੁ ਕਰਮ ਕਮਾਇਆ' ਕਿਸ ਬਾਣੀ ਦੀ ਪੰਕਤੀ ਹੈ?
(ੳ) ਜਪੁਜੀ ਸਾਹਿਬ ( ) (ਅ) ਤਵ ਪ੍ਰਸਾਦਿ ਸਵੈਯੇ ( )
(ੲ) ਆਨੰਦ ਸਾਹਿਬ ( ) (ਸ) ਸੋਦਰ ਰਹਿਰਾਸ ( )

੮੨) 'ਸੋ ਦਰੁ ਕੇਹਾ ਸੋ ਘਰੁ ਕੇਹਾ, ਜਿਤੁ ਬਹਿ ਸਰਬ ਸਮਾਲੇ' ਕਿਸ ਬਾਣੀ ਦੀ ਪੰਕਤੀ ਹੈ?
(ੳ) ਸੋਦਰ ਰਹਿਰਾਸ ( ) (ਅ) ਕੀਰਤਨ ਸੋਹਿਲਾ) ( )
(ੲ) ਆਨੰਦ ਸਾਹਿਬ ( ) (ਸ) ਜਪੁਜੀ ਸਾਹਿਬ ( )

੮੩) 'ਚਿਤੁ ਨਾ ਭਯੋ ਹਮਰੋ ਆਵਨ ਕਹਿ' ਕਿਸ ਗੁਰੂ ਸਾਹਿਬਾਨ ਦੀ ਬਾਣੀ ਹੈ?
(ੳ) ਗੁਰੂ ਗੋਬਿੰਦ ਸਿੰਘ ਜੀ ( ) (ਅ) ਗੁਰੂ ਨਾਨਕ ਦੇਵ ਜੀ ( )
(ੲ) ਗੁਰੂ ਅਮਰਦਾਸ ਜੀ ( ) (ਸ) ਗੁਰੂ ਅਰਜਨ ਦੇਵ ਜੀ ( )

੮੪) 'ਨਾਮ ਜਪੋ, ਕਿਰਤ ਕਰੋ, ਵੰਡ ਛਕੋ' ਕਿਹੜੇ ਗੁਰੂ ਸਾਹਿਬਾਨ ਦਾ ਉਪਦੇਸ਼ ਹੈ?
(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਤੇਗ ਬਹਾਦਰ ਜੀ ( )
(ੲ) ਗੁਰੂ ਗੋਬਿੰਦ ਸਿੰਘ ਜੀ ( ) (ਸ) ਗੁਰੂ ਗੋਬਿੰਦ ਸਿੰਘ ਜੀ ( )

੮੫) ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਿਸ ਗੁਰੂ ਸਾਹਿਬਾਨ ਨੇ ਕੀਤੀ ਸੀ?
(ੳ) ਗੁਰੂ ਅਰਜਨ ਦੇਵ ਜੀ ( ) (ਅ) ਗੁਰੂ ਹਰਿਗੋਬਿੰਦ ਜੀ ( )
(ੲ) ਗੁਰੂ ਗੋਬਿੰਦ ਸਿੰਘ ਜੀ ( ) (ਸ) ਗੁਰੂ ਤੇਗ ਬਹਾਦਰ ਜੀ ( )

੮੬) ਲੰਗਰ ਪ੍ਰਥਾ ਦਾ ਮੁਖ ਉਦੇਸ਼ ਕੀ ਸੀ?
(ੳ) ਭੁੱਖਿਆਂ ਵਾਸਤੇ ਭੋਜਨ ਦਾ ਪ੍ਰਬੰਧ ਕਰਨਾ ( )
(ਅ) ਜਾਤੀ ਪ੍ਰਥਾ ਅਤੇ ਉਚ-ਨੀਚ ਦੇ ਭੇਦ-ਭਾਵ ਨੂੰ ਮਿਟਾਨਾ ( )
(ੲ) ਜਨ ਸਾਧਾਰਣ ਨੂੰ ਸਿੱਖ ਧਰਮ ਵਾਸਤ ਆਕਰਸ਼ਿਤ ਕਰਨਾ ( )
(ਸ) ਤੀਰਥ ਯਾਤਰਾ ਵਿਚ ਗੁਰਦੁਆਰਿਆਂ ਵਿਚ ਯਾਤਰੀਆਂ ਵਾਸਤੇ ਭੋਜਨ ਦਾ ਪ੍ਰਬੰਧ ਕਰਨਾ ( )

੮੭) 'ਜੋ ਹਮਕੋ ਪਰਮੇਰ ਉਚਰਿ ਹੈ, ਤੇ ਸਭ ਨਰਕ ਕੁੰਡ ਮੈ ਪਰਿ ਹੈਂ' ਕਿਸ ਦਾ ਆਦੇਸ਼ ਹੈ?
(ੳ) ਮਹਾਰਾਜਾ ਰਣਜੀਤ ਸਿੰਘ ( ) (ਅ) ਗੁਰੂ ਨਾਨਕ ਦੇਵ ਜੀ ( )
(ੲ) ਭਗਤ ਕਬੀਰ ਜੀ ( ) (ਸ) ਗੁਰੂ ਗੋਬਿੰਦ ਸਿੰਘ ਜੀ ( )

੮੮) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੂਲ ਮੰਤਰ ਕਿੰਨੀ ਵਾਰ ਆਇਆ ਹੈ?
(ੳ) ੪੦ ਵਾਰ ( ) (ਅ) ੨੫ ਵਾਰ ( )
(ੲ) ੩੩ ਵਾਰ ( ) (ਸ) ੫੦ ਵਾਰ ( )

੮੯) ਉਹ ਕੌਣ ਗੁਰੂ ਸਾਹਿਬਾਨ ਹੈ, ਜਿਹਨਾਂ ਦਾ ਪੜਦਾਦਾ ਜੀ, ਪਿਤਾ ਜੀ, ਮਾਤਾ ਜੀ, ਚਾਰ ਸਪੁੱਤਰੋਂ ਨੇ ਬਲੀਦਾਨ ਦਿੱਤਾ ਅਤੇ ਸਰਬਦਾਨੀ ਕਹਿਲਾਏ?
(ੳ) ਗੁਰੂ ਹਰਿਗੋਬਿੰਦ ਜੀ ( ) (ਅ) ਗੁਰੂ ਅਮਰਦਾਸ ਜੀ ( )
(ੲ) ਗੁਰੂ ਗੋਬਿੰਦ ਸਿੰਘ ਜੀ ( ) (ਸ) ਗੁਰੂ ਰਾਮਦਾਸ ਜੀ ( )

੯੦) ਸਿੱਖ ਮਤ ਦਾ ਧਾਰਮਿਕ ਗ੍ਰੰਥ ਕਿਹੜਾ ਹੈ?
(ੳ) ਕੁਰਾਨ ਮਜੀਦ ( ) (ਅ) ਸ੍ਰੀ ਗੁਰੂ ਗ੍ਰੰਥ ਸਾਹਿਬ ( )

| | | | | | | | | | |
|---|---|---|---|---|---|---|---|---|---|
| 1 | ੳ | 2 | ੲ | 3 | ੲ | 4 | ਅ | 5 | ਸ |
| 6 | ੳ | 7 | ਅ | 8 | ਅ | 9 | ੲ | 10 | ੲ |
| 11 | ੳ | 12 | ਸ | 13 | ੳ | 14 | ੲ | 15 | ਸ |
| 16 | ਅ | 17 | ਅ | 18 | ੲ | 19 | ਅ | 20 | ੳ |
| 21 | ਸ | 22 | ਅ | 23 | ਸ | 24 | ਸ | 25 | ੳ |
| 26 | ਸ | 27 | ਅ | 28 | ਸ | 29 | ਸ | 30 | ੲ |
| 31 | ਸ | 32 | ੲ | 33 | ੳ | 34 | ਸ | 35 | ਅ |
| 36 | ਸ | 37 | ਅ | 38 | ਸ | 39 | ਅ | 40 | ਅ |
| 41 | ੲ | 42 | ਅ | 43 | ੳ | 44 | ੲ | 45 | ੳ |
| 46 | ੳ | 47 | ਸ | 48 | ੲ | 49 | ਸ | 50 | ਸ |
| 51 | ਅ | 52 | ਸ | 53 | ਸ | 54 | ੲ | 55 | ੳ |
| 56 | ੲ | 57 | ੳ | 58 | ੲ | 59 | ਅ | 60 | ਸ |
| 61 | ਸ | 62 | ਅ | 63 | ਸ | 64 | ੲ | 65 | ਅ |
| 66 | ਸ | 67 | ਸ | 68 | ਸ | 69 | ਸ | 70 | ਸ |
| 71 | ਸ | 72 | ੲ | 73 | ਸ | 74 | ੳ | 75 | ਸ |
| 76 | ੲ | 77 | ੳ | 78 | ਸ | 79 | ਅ | 80 | ਅ |
| 81 | ੲ | 82 | ੳ | 83 | ੳ | 84 | ੲ | 85 | ਅ |
| 86 | ਅ | 87 | ਸ | 88 | ੲ | 89 | ੳ | 90 | ਅ |

(ੲ) ਰਾਮਚਰਿਤ ਮਾਨਸ ( ) (ਸ) ਬਾਈਬਲ ( )

# ਤਥਾਤਮਕ ਅਤੇ ਲੰਬੇ ਉੱਤਰ ਵਾਲੇ ਪ੍ਰਸ਼ਨ

**ਪ੍ਰਸ਼ਨ ੧ :** ਲੜੀਵਾਰ ਗੁਰੂ ਸਾਹਿਬਾਨਾਂ ਦੇ ਨਾਂ ਦਸੋ ?

ਉੱਤਰ : (੧) ਗੁਰੂ ਨਾਨਕ ਦੇਵ ਜੀ
(੨) ਗੁਰੂ ਅੰਗਦ ਦੇਵ ਜੀ
(੩) ਗੁਰੂ ਅਮਰ ਦਾਸ ਜੀ
(੪) ਗੁਰੂ ਰਾਮ ਦਾਸ ਜੀ
(੫) ਗੁਰੂ ਅਰਜਨ ਦੇਵ ਜੀ
(੬) ਗੁਰੂ ਹਰ ਗੋਬਿੰਦ ਜੀ
(੭) ਗੁਰੂ ਹਰ ਰਾਯ ਜੀ
(੮) ਗੁਰੂ ਹਰ ਕ੍ਰਿਸ਼ਨ ਜੀ
(੯) ਗੁਰੂ ਤੇਗ਼ ਬਹਾਦੁਰ ਜੀ
(੧੦) ਗੁਰੂ ਗੋਬਿੰਦ ਸਿੰਘ ਜੀ

**ਪ੍ਰਸ਼ਨ : ੨ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਿਤ 'ਪੰਜ ਪਿਆਰੇ' ਕਿਹੜੇ-ਕਿਹੜੇ ਥਾਵਾਂ ਨਾਲ ਸਬੰਧਿਤ ਸਨ, ਉਹਨਾਂ ਦੀ ਸਮਾਜਿਕ ਪੁਸ਼ਟ ਭੂਮੀ ਕੀ ਸੀ, ਉਹਨਾਂ ਦੇ ਨਾਂ ਕੀ ਸਨ, ਸ਼ਾਰਣੀ ਬਣਾ ਕੇ ਦੱਸੋ ?**

ਉੱਤਰ : (੧) ਭਾਈ ਦਇਆ ਸਿੰਘ ਜੀ ਖੱਤਰੀ ਲਾਹੌਰ, ਪੰਜਾਬ (ਪਾਕਿਸਤਾਨ)
(੨) ਭਾਈ ਧਰਮ ਸਿੰਘ ਜੀ ਜਾਟ ਹਸਤਨਾਪੁਰ, ਮੇਰਠ (ਉੱਤਰ ਪ੍ਰਦੇਸ਼)
(੩) ਭਾਈ ਹਿੰਮਤ ਸਿੰਘ ਜੀ ਝੀਵਰ ਜਗਨਾਥਪੁਰੀ (ਉੜੀਸਾ)
(੪) ਭਾਈ ਮੋਹਕਮ ਸਿੰਘ ਜੀ ਛੀਂਬਾ ਦਵਾਰਕਾ (ਗੁਜਰਾਤ)
(੫) ਭਾਈ ਸਾਹਿਬ ਸਿੰਘ ਜੀ ਨਾਈ ਬਿਦਰ (ਕਰਨਾਟਕ)

**ਪ੍ਰਸ਼ਨ : ੩ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ (ਸਪੁੱਤਰਾਂ) ਦੇ ਨਾਮ ਕੀ-ਕੀ ਹਨ ?**

ਉੱਤਰ : (੧) ਬਾਬਾ ਅਜੀਤ ਸਿੰਘ ਜੀ
(੨) ਬਾਬਾ ਜੁਝਾਰ ਸਿੰਘ ਜੀ
(੩) ਬਾਬਾ ਜੋਰਾਵਰ ਸਿੰਘ ਜੀ
(੪) ਬਾਬਾ ਫਤਹਿ ਸਿੰਘ ਜੀ

**ਪ੍ਰਸ਼ਨ : ੪ ਅੰਮ੍ਰਿਤ ਸੰਚਾਰ ਦੀਆਂ ਪੰਜ ਬਾਣੀਆਂ ਕਿਹੜੀਆਂ-ਕਿਹੜੀਆਂ ਹਨ ?**

ਉਤਰ : (੧) ਜਪੁਜੀ

(੨) ਜਾਪੁ ਸਾਹਿਬ

(੩) ਤਵ ਪ੍ਰਸਾਦਿ ਸਵੈਯੇ

(੪) ਕਬਿਯਵਾਚ ਬੇਨਤੀ ਚੌਪਈ

(੫) ਆਨੰਦ ਸਾਹਿਬ

**ਪ੍ਰਸ਼ਨ : ੫ ਸ਼ਾਮ ਸਮੇਂ ਪੜ੍ਹੀ ਜਾਣ ਵਾਲੀ ਬਾਣੀ ਕਿਹੜੀ ਹੈ?**

ਉਤਰ : ਸੋਦਰ ਰਹਿਰਾਸ।

**ਪ੍ਰਸ਼ਨ : ੬ ਰਾਤ ਨੂੰ ਸੌਣ ਤੋਂ ਪਹਿਲਾਂ ਕਿਹੜੀ ਬਾਣੀ ਪੜ੍ਹੀ ਜਾਂਦੀ ਹੈ?**

ਉਤਰ : ਕੀਰਤਨ ਸੋਹਿਲਾ।

**ਪ੍ਰਸ਼ਨ : ੭ ਪੰਜ ਵਿਕਾਰ ਕਿਹੜੇ ਹਨ?**

ਉਤਰ : (੧) ਕਾਮ (੨) ਕ੍ਰੋਧ (੩) ਲੋਭ (੪) ਮੋਹ (੫) ਅਹੰਕਾਰ)

**ਪ੍ਰਸ਼ਨ : ੮ ਪੰਜ ਕਕਾਰ ਕਿਹੜੇ ਹਨ?**

ਉਤਰ : (੧) ਕੇਸ (੨) ਕੜਾ (੩) ਕਛਹਿਰਾ (੪) ਕੰਘਾ (੫) ਕ੍ਰਿਪਾਨ

**ਪ੍ਰਸ਼ਨ : ੯ ਪੰਜ ਤਖ਼ਤ ਕਿਹੜੇ ਹਨ?**

ਉਤਾਰ : (੧) ਸ੍ਰੀ ਅਕਾਲ ਤਖ਼ਤ ਸਾਹਿਬ ਜੀ—ਅੰਮ੍ਰਿਤਸਰ (ਪੰਜਾਬ)

(੨) ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ—ਪਟਨਾ ਸਾਹਿਬ (ਬਿਹਾਰ)

(੩) ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ—ਆਨੰਦਪੁਰ ਸਾਹਿਬ (ਪੰਜਾਬ)

(੪) ਤਖ਼ਤ ਸ੍ਰੀ ਦਮਦਮਾ ਸਾਹਿਬ—ਸਾਬੋ ਕੀ ਤਲਵੰਡੀ ਬਠਿੰਡਾ (ਪੰਜਾਬ)

(੫) ਤਖ਼ਤ ਸ੍ਰੀ ਹਜ਼ੂਰ ਸਾਹਿਬ—ਨਾਂਦੇੜ (ਮਹਾਰਾਸ਼ਟਰ)

**ਪ੍ਰਸ਼ਨ : ੧੦ ਚਾਰ ਵੱਡੀਆਂ ਕੁਰਹਿਤਾਂ (ਵਰਜਿਤ ਕੰਮ) ਕਿਹੜੇ ਹਨ?**

ਉਤਰ : (੧) ਸਿਰ ਜਾਂ ਸਰੀਰ ਦੇ ਕਿਸੇ ਵੀ ਭਾਗ ਤੋਂ ਵਾਲਾਂ ਦਾ ਕਿਸੇ ਵੀ ਢੰਗ ਨਾਲ ਕਟਣਾ ਅਥਵਾ ਮੁੰਡਨ ਕਰਾਉਣਾ।

(੨) ਪਰ-ਇਸਤਰੀ ਜਾਂ ਪੁਰਪੁਰਸ਼ ਦੇ ਸਾਥ ਸਬੰਧ ਬਣਾਉਣਾ (ਭਿਆਭਿਚਾਰ ਹੋਣਾ)

(੩) ਸ਼ਰਾਬ, ਤੰਬਾਕੂ, ਭੰਗ ਆਦਿ ਸਾਰੇ ਪ੍ਰਕਾਰ ਦੇ ਨਸ਼ੇ ਵਰਜਿਤ ਹਨ।

(੪) ਕੁੱਠਾ ਪਾਸ ਖਾਣਾ (ਮੁਸਲਿਮ ਰੀਤੀ ਦੇ ਮੁਤਾਬਿਕ ਹੌਲੀ ਹੌਲੀ ਮਾਰਿਆ ਗਿਆ ਜੀਵ)

**ਪ੍ਰਸ਼ਨ : ੧੧ ਭਗਤ ਰਵਿਦਾਸ ਜੀ ਦੀ ਕੀ ਜਾਣ-ਪਹਿਚਾਣ ਹੈ?**

ਉਤਰ : ੧੫ਵੀਂ ਸਦੀ ਵਿਚ ਉਤਰ ਪ੍ਰਦੇਸ਼ ਦੇ ਖੇਤਰ ਬਨਾਰਸ ਸ਼ਹਿਰ ਵਿਚ ਸੰਤ ਸ਼ਿਰੋਮਣੀ ਭਗਤ ਸਾਹਿਬਾਨ ਸ੍ਰੀ ਰਵਿਦਾਸ ਜੀ ਮਹਾਰਾਜ ਦਾ ਜਨਮ ਹੋਇਆ ਸੀ। ਉਹਨਾਂ ਦੇ ੪੧ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹਨ। ਉਹ ਕਾਰੋਬਾਰ ਤੋਂ ਚਰਮਕਾਰ ਸਨ। ਪ੍ਰਭੂ ਭਗਤੀ ਦੇ ਮਾਰਗ ਨੂੰ ਅਪਣਾ ਕੇ ਸਮਾਜ ਦੇ ਸਿਖਰ ਪਦ ਤੇ ਬਿਰਾਜਮਾਨ ਹੋਣ ਵਾਲੇ ਭਾਰਤ ਦੇ ਮਹਾਨਤਮ ਸੰਤਾਂ ਵਿਚੋਂ ਇਕ ਸਨ। ਉਹਨਾਂ ਦੇ ਜੀਵਨ ਦਰਸ਼ਨ ਦਾ ਮੂਲ ਸੀ—ਕੇਵਲ ਅਤੇ ਕੇਵਲ ਹਰੀ ਦੇ ਨਾਮ ਦਾ ਸਿਮਰਨ।

**ਪ੍ਰਸ਼ਨ : ੧੨ ਭਗਤ ਨਾਮਦੇਵ ਜੀ ਦਾ ਸੰਖੇਪ ਜੀਵਨ ਜਾਣ-ਪਹਿਚਾਣ ਦੱਸੋ?**

ਉਤਰ : ੧੨੭੦ ਵਿਚ ਮਹਾਰਾਸ਼ਟਰ ਦੇ ਨਰਸੀ ਵਾਮਨੀ ਵਿਚ ਜਨਮੇ ਮਹਾਨ ਭਗਤ ਸਾਹਿਬਾਨ ਸ੍ਰੀ ਨਾਮਦੇਵ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ।

**ਪ੍ਰਸ਼ਨ ੧੩ : ਭਗਤ ਕਬੀਰ ਜੀ ਦਾ ਜੀਵਨ ਕਿਸ ਤਰ੍ਹਾਂ ਦਾ ਸੀ?**

ਉਤਰ : ਮੱਧ-ਕਾਲੀਨ ਭਗਤੀ ਅੰਦੋਲਨ ਦੇ ਜਨਮ-ਦਾਤਾ ਭਗਤ ਸਾਹਿਬਾਨ ਕਬੀਰ ਜੀ ਮਹਾਰਾਜ ਦਾ ਜਨਮ ੧੩੭੯ ਨੂੰ ਬਨਾਰਸ ਵਿਚ ਹੋਇਆ। ਆਪ ਜੀ ਦਾ ਸਮਾਜਕ ਪਿਛੋਕੜ ਜੁਲਾਹਾ, ਕੱਪਨੇ ਬੁਨਣਾ ਅਤੇ ਸੂਤ ਕੱਤਣਾ ਸੀ। ਮਸਤ ਮੌਲਾ ਭਾਵ ਦੇ ਮਾਤਾ ਪਿਤਾ ਦੁਆਰਾ ਪਾਲਣ-ਪੋਸ਼ਣ ਕੀਤੇ ਗਏ ਭਗਤ ਕਬੀਰ ਜੀ ਦਾ ਕਰਮ ਕਾਂਡ, ਅੰਧ-ਵਿਸ਼ਵਾਸ ਦੇ ਪ੍ਰਤੀ ਗਹਿਰਾ ਬੋਲਬਾਲਾ ਸੀ। ਆਪ ਜੀ ਦੇ ੫੪੧ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹਨ। ਸਿੱਖ ਸੰਗਤਾਂ ਵਿਚ ਮਹੱਤਵਪੂਰਣ ਮੰਨੇ ਜਾਣ ਵਾਲੇ ਸ਼ਬਦ 'ਖ਼ਾਸਲਾ' ਪਹਿਲੀ ਵਾਰ ਭਗਤ ਜੀ ਦੀ ਬਾਣੀ ਵਿਚ ਆਇਆ। ਉਹਨਾਂ ਦਾ ਪਰਲੋਕ ਗਮਨ ਦਾ ਸਮਾਂ ਸੰਨ ੧੪੯੫ ਈਸਵੀ ਹੈ।

**ਪ੍ਰਸ਼ਨ ੧੪ : ਸ਼ੇਖ ਫ਼ਰੀਦ ਜੀ ਕੌਣ ਸਨ?**

ਉਤਰ : ਸ਼ੇਖ ਫ਼ਰੀਦ ਜੀ ਪ੍ਰੇਮ ਦਾ ਸੰਦੇਸ਼ ਦੇਣ ਵਾਲੇ ਪ੍ਰਭਾਵੀ ਸੂਫ਼ੀ ਫ਼ਕੀਰ ਮੁਸਲਿਮ ਸੰਤ ਸਨ। ਉਹਨਾਂ ਨੇ ਆਪਣੀ ਮਾਤਾ ਤੋਂ ਪ੍ਰੇਰਣਾ ਲੈ ਕੇ ਕਠਿਨ ਤਪੱਸਿਆ ਕੀਤੀ। ਆਪ ਜੀ ਦਾ ਜੀਵਨ ਸਮਾਂ ੧੧੭੩ ਤੋਂ ੧੨੬੫ ਈਸਵੀ ਤਕ ਹੈ। ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਦਰਜ ਹੈ।

**ਪ੍ਰਸ਼ਨ ੧੫ : ਭਗਤ ਜੈਦੇਵ ਜੀ ਕੌਣ ਸਨ?**

ਉਤਰ : ਭਗਤ ਜੈਦੇਵ ਜੀ ਮਹਾਰਾਜ ਦਾ ਜਨਮ ਵੀਰ ਭੂਮੀ ਉੜੀਸਾ (ਪੂਰਬ ਵਿਚ ਅਨਿਖੜਵੇਂ ਬੰਗਾਲ) ਵਿਚ ਹੋਇਆ। ਕ੍ਰਿਸ਼ਨ ਭਗਤੀ ਨੂੰ ਸਾਧਨ ਬਣਾ ਕੇ ਆਪ ਜੀ ਨੇ ਇਕ ਪਵਿੱਤਰ ਗ੍ਰੰਥ ਦੀ ਰਚਨਾ ਕੀਤੀ, ਜਿਸ ਦਾ ਨਾਮ ਸੀ 'ਗੀਤ ਗੋਬਿੰਦ'। ਆਪ ਜੀ ਦਾ ਜੀਵਨ ਕਾਲ ੧੧੭੧ ਤੋਂ ੧੨੦੪ ਈਸਵੀ ਤਕ ਸੀ। ਆਪ ਜੀ ਦੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹਨ।

**ਪ੍ਰਸ਼ਨ ੧੬: ਭਗਤ ਤ੍ਰਿਲੋਚਨ ਜੀ ਦਾ ਸੰਖੇਪ ਜੀਵਨ ਜਾਣ-ਪਹਿਚਾਣ ਦੱਸੋ?**

ਉਤਰ : ਭਗਤ ਤ੍ਰਿਲੋਚਨ ਜੀ ਦਾ ਜਨਮ ਮਹਾਰਾਸ਼ਟਰ ਵਿਚ ਹੋਇਆ। ਆਪ ਜੀ ਦਾ ਜੀਵਨ ਸਮਾਂ ੧੨੬੭ ਤੋਂ ੧੩੩੫ ਹੈ। ਆਪ ਜੀ ਦੇ ਚਾਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ (ਬਿਰਾਜਮਾਨ) ਹਨ।

**ਪ੍ਰਸ਼ਨ ੧੭: ਦੋ ਗੁਰਸਿੱਖ ਸੱਤਾ ਅਤੇ ਬਲਵੰਡ ਦੇ ਸੰਬੰਧ ਵਿਚ ਦੱਸੋ?**

ਉਤਰ : ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਹਜ਼ੂਰੀ ਰਾਗੀ ਸਨ। ਸਮਾਜਿਕ ਪਿਛੋਕੜ ਨਾਲ ਦੋਨੋਂ ਗੁਰਸਿੱਖ ਡੂਮ (ਮਰਾਸੀ) ਸਨ। ਉਹਨਾਂ ਦੀ ਭਗਤੀ ਦਾ ਹੀ ਪ੍ਰਤੀਫਲ ਸੀ ਕਿ ਭਾਈ ਸੱਤਾ ਜੀ ਦੇ ਤਿੰਨ ਸ਼ਬਦ ਭਾਈ ਬਲਵੰਡ ਜੀ ਦੇ ਪੰਜ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਦੋਨੋਂ ਹੀ ਪੰਜਾਬ ਦੇ ਰਹਿਣ ਵਾਲੇ ਸਨ।

**ਪ੍ਰਸ਼ਨ ੧੮: ਭਗਤ ਪੀਪਾ ਜੀ ਦਾ ਸੰਖੇਪ ਜੀਵਨ ਜਾਣ-ਪਹਿਚਾਣ ਦੱਸੋ?**

ਉਤਰ : ਭਗਤ ਪੀਪਾ ਜੀ ਗੁਜਰਾਤ ਵਿਚ ਪੈਦਾ ਹੋਏ। ਬਾਅਦ ਵਿਚ ਰਾਜਸਥਾਨ ਦੇ ਝਾਲਾਵਾੜ ਜ਼ਿਲ੍ਹੇ ਵਿਚ ਚੰਬਲ ਦੇ ਖੇਤਰ ਉਤੇ ਗਗਰੌਣ ਦਾ ਕਿਲ੍ਹਾ ਬਣਾਇਆ। ਭਗਤ ਪੀਪਾ ਜੀ ਉਥੋਂ ਦੇ ਰਾਜਾ ਸਨ। ਭਗਤੀ ਤੋਂ ਪ੍ਰੇਰਿਤ ਹੋ ਕੇ ਉਹਨਾਂ ਨੇ ਆਪਣੀ ਧਰਮ ਪਤਨੀ ਸੀਤਾ ਸਹਿਤ ਸੰਨਿਆਸ ਲੈ ਲਿਆ। ਉਹਨਾਂ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

**ਪ੍ਰਸ਼ਨ ੧੯: ਭਗਤ ਸਾਹਿਬਾਨ ਧੰਨਾ ਜੀ ਦਾ ਕੀ ਪਹਿਚਾਣ ਹੈ?**

ਉਤਰ : ਸੰਨ ੧੪੧੩ ਵਿਚ ਗਰਾਮ ਧੁਆਨ ਜ਼ਿਲ੍ਹਾ ਟੌਂਕ ਵਿਚ ਇਕ ਜੱਟ ਪਰਿਵਾਰ ਦੇ ਘਰ ਭਗਤ ਸਾਹਿਬਾਨ ਧੰਨਾ ਜੀ ਦਾ ਜਨਮ ਹੋਇਆ। ਆਪ ਜੀ ਸਰਗੁਣ ਬ੍ਰਹਮ ਦੇ ਉਪਾਸ਼ਕ ਸਨ। ਆਪ ਜੀ ਦੇ ਬਾਰੇ ਵਿਚ ਇਹ ਕਥਾ ਪ੍ਰਚੱਲਿਤ ਹੈ ਕਿ ਉਹਨਾਂ ਨੂੰ ਪੰਡਤ ਜੀ ਨੇ ਇਕ ਗਾਂ ਦੇ ਬਦਲੇ ਵਿਚ ਨਦੀ ਦਾ ਇਕ ਪੱਥਰ ਦੇ ਦਿੱਤਾ ਅਤੇ ਕਿਹਾ ਕਿ ਇਹ ਸਾਲੀਗਰਾਮ ਹੈ। ਇਹਨਾਂ ਨੂੰ ਇਸ਼ਨਾਨ ਕਰਵਾ ਕੇ, ਭੋਗ ਲਗਵਾ ਕੇ ਭੋਜਨ ਕਰਵਾਉਣਾ ਹੈ। ਭਗਤ ਧੰਨਾ ਜੀ ਇਸ ਗੱਲ ਉਤੇ ਅੜ ਗਏ ਕਿ ਜਦੋਂ ਤਕ ਸਾਲੀਗਰਾਮ ਭੋਜਨ ਨਹੀਂ ਛਕਣਗੇ ਤੇ ਉਹ ਵੀ ਭੋਜਨ ਨਹੀਂ ਕਰਨਗੇ। ਇਸ ਤਰ੍ਹਾਂ ਤਿੰਨ ਦਿਨ ਭੁੱਖੇ ਰਹਿਣ ਦੇ ਬਾਅਦ ਭਗਵਾਨ ਆਪਣੇ ਆਪ ਪ੍ਰਗਟ ਹੋ ਗਏ। ਉਹਨਾਂ ਦੇ ਪਵਿੱਤਰ ਚਾਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਦਰਜ ਹਨ।

**ਪ੍ਰਸ਼ਨ ੨੦:ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ-ਗੱਦੀ ਪ੍ਰਦਾਨ ਕਰਦੇ ਸਮੇਂ ਸਿੱਖਾਂ ਨੂੰ ਕੀ ਕਿਹਾ ਸੀ?**

ਉਤਰ : ਆਗਿਆ ਭਈ ਅਕਾਲ ਦੀ, ਤਬੈ ਚਲਾਇਓ ਪੰਥ।
ਸਬ ਸਿੱਖਨ ਕੋ ਹੁਕਮ ਹੈ, ਗੁਰੂ ਜੀ ਮਾਨਿਓ ਗ੍ਰੰਥ।

**ਪ੍ਰਧਾਨ ੨੧ : ਭਾਈ ਗੁਰਦਾਸ ਜੀ ਦੀ ਜਾਣ-ਪਹਿਚਾਣ ਦੱਸੋ?**

ਉਤਰ : ਸ੍ਰੀ ਗੁਰੂ ਅਮਰ ਦਾਸ ਜੀ ਦੇ ਭਤੀਜੇ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਦੇ ਰੂਪ ਵਿਚ ਭਾਈ ਸਾਹਿਬ ਭਾਈ ਗੁਰਦਾਸ ਜੀ ਸਿੱਖ ਸੰਗਤ ਦੇ ਸਾਹਮਣੇ ਨਜ਼ਰ ਆਉਂਦੇ ਹਨ। ਜਿੱਥੇ ਉਹ ਇਕ ਵਿਲੱਖਣ ਗੁਰਸਿੱਖ ਸਨ, ਉਥੇ ਹੀ ਉਹ ਬ੍ਰਜ ਭਾਸ਼ਾ ਦੇ ਉਚਕੋਟੀ ਦੇ ਕਵੀ ਅਤੇ ਵਿਦਵਾਨ ਵੀ ਸਨ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਸੰਪਾਦਨ ਕੀਤਾ, ਓਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਹਜ਼ੂਰੀ ਵਿਚ ਲਿਖਣ ਦਾ ਮਹਾਨ ਕੰਮ ਭਾਈ ਸਾਹਿਬ ਭਾਈ ਗੁਰਦਾਸ ਜੀ ਦੁਵਾਰਾ ਕੀਤਾ ਗਿਆ। ਭਾਈ ਗੁਰਦਾਸ ਜੀ ਦੀਆਂ ਕਾਵਿ ਰਚਨਾਵਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 'ਗੁਰਬਾਣੀ ਦੀ ਕੁੰਜੀ' ਨਾਲ ਸੰਬੋਧਿਤ ਕਰ ਕੇ ਸਨਮਾਨਿਤ ਕੀਤਾ। ਅੱਜ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਪ੍ਰਮਾਣਿਕ ਬਾਣੀ ਦੇ ਰੂਪ ਵਿਚ ਸਵੀਕਾਰ ਕੀਤੀਆਂ ਜਾਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਆਏ ਅਨੇਕ ਵਿਅੰਗਾਂ ਦਾ ਪੂਰਵ ਵੇਰਵਾ ਅਤੇ ਅਨੁਵਾਦ ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਵਿਚ ਮਿਲਦਾ ਹੈ।

**ਪ੍ਰਸ਼ਨ ੨੨ : ਭਾਈ ਮਤੀਦਾਸ ਜੀ ਦੇ ਬਾਰੇ ਵਿਚ ਸੰਖੇਪ ਪੂਰਵਕ ਦੱਸੋ?**

ਉਤਰ : ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਕੋਲ ਆਏ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਜਦੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਬਲੀਦਾਨ ਦਾ ਮਾਰਗ ਚੁਣਿਆ ਤਾਂ ਉਹਨਾਂ ਦੇ ਨਾਲ ਪੰਜ ਸਿੱਖਾਂ ਵਿਚੋਂ ਇਕ ਭਾਈ ਸਾਹਿਬ ਭਾਈ ਮਤੀਦਾਸ ਜੀ ਵੀ ਸਨ, ਜੋ ਮੁਗ਼ਲ ਔਰੰਗਜ਼ੇਬ ਨੂੰ ਧਰਮ ਬਦਲਾਉਣ ਦੇ ਵਿਰੁੱਧ ਦਿੱਲੀ ਦੀ ਤਰਫ਼ ਕੂਚ ਕਰ ਰਹੇ ਸਨ। ਉਹਨਾਂ ਦੇ ਵੱਡੇ ਵਡੇਰੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਦੇ ਗੁਰਸਿੱਖ ਸਨ। ਇਸਲਾਮ ਨਾ ਕਬੂਲ ਕਰਨ 'ਤੇ ਔਰੰਗਜ਼ੇਬ ਦੁਬਾਰਾ ਉਹਨਾਂ ਨੂੰ ਦਿੱਲੀ ਸਥਿਤ ਕੋਤਵਾਲੀ ਦੇ ਸਾਹਮਣੇ ਕਾਜ਼ੀ ਦੇ ਹੁਕਮ 'ਤੇ ਆਰੇ ਨਾਲ ਜੀਉਂਦਾ ਚਿਰਵਾ ਦਿੱਤਾ ਗਿਆ ਸੀ। ਇਹ ਸਥਾਨ ਅੱਜ ਭਾਈ ਮਤੀਦਾਸ ਚੌਕ ਦੇ ਨਾਮ ਨਾਲ ਪ੍ਰਸਿੱਧ ਹੈ ਅਤੇ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਸਾਹਮਣੇ ਹੈ।

**ਪ੍ਰਸ਼ਨ ੨੩ : ਭਾਈ ਮਨੀ ਸਿੰਘ ਜੀ ਦਾ ਕੀ ਇਤਿਹਾਸ ਹੈ?**

ਉਤਰ : ਭਾਈ ਮਨੀ ਸਿੰਘ ਜੀ ਦੇ ਵਡੇਰੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਸਿੱਖ ਸਨ, ਜਿਹਨਾਂ ਦੇ ਪਰਿਵਾਰ ਦੇ ੩੬ ਲੋਕਾਂ ਨੇ ਧਰਮ ਵਾਸਤੇ ਬਲੀਦਾਨ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਬੋ ਦੀ ਤਲਵੰਡੀ, ਸ੍ਰੀ ਦਮਦਮਾ ਸਾਹਿਬ ਜੀ ਵਿਚ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾਈ। ਆਪ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਮੁਖ ਗ੍ਰੰਥੀ ਰਹਿ ਚੁੱਕੇ ਹਨ। ਇਥੇ ਹੀ ਨਹੀਂ, ਆਪ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਥਾਪੇ ਗਏ। ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੁਵਾਰਾ ਸਿੱਖਾਂ ਨੂੰ ਇਕਜੁੱਟ ਕਰਨ ਖ਼ਾਤਰ ਕੀਤੇ ਗਏ ਇਕੱਠ ਦੀਵਾਲੀ ਮੇਲੇ ਨੂੰ ਬਹਾਨਾ ਬਣਾ ਕੇ ਸੂਬਾ ਲਾਹੌਰ ਨੇ ਬੰਦ-ਬੰਦ ਕਟ ਕੇ ਸ਼ਹੀਦ ਕਰ ਦਿੱਤਾ ਸੀ।

**ਪ੍ਰਸ਼ਨ ੨੪ : ਬਾਬਾ ਦੀਪ ਸਿੰਘ ਜੀ ਦੇ ਜੀਵਨ ਪਿਛੋਕੜ ਬਾਰੇ ਦੱਸੋ?**

ਉਤਰ : ਪੱਟੀ ਤਹਿਸੀਲ ਨਿਵਾਸੀ ਬਾਬਾ ਦੀਪ ਸਿੰਘ ਜੀ ਦਾ ਪਾਲਣ-ਪੋਸ਼ਣ ਗੁਰੂ ਘਰ ਵਿਚ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਾਬਾ ਦੀਪ ਸਿੰਘ ਜੀ ਦੁਵਾਰਾ ਸ੍ਰੀ ਦਮਦਮਾ ਸਾਹਿਬ ਜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾਈ। ਮੁਗ਼ਲਾਂ ਵਲੋਂ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਜੀ 'ਤੇ ਹਮਲਾ ਕਰਨ ਸਮੇਂ ਆਪ ਨੇ ਸਿੱਖ ਜਥੇ ਦੀ ਅਗਵਾਈ ਕੀਤੀ ਅਤੇ ਬਲੀਦਾਨ ਦਿੱਤਾ।

**ਪ੍ਰਸ਼ਨ ੨੫ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੂਲ ਹਸਤ-ਲਿਖਿਤ ਬੀੜ ਦਾ ਇਤਿਹਾਸ ਕੀ ਹੈ?**

ਉਤਰ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੂਲ ਬੀੜ ਤਿੰਨ ਨਾਮਾ ਨਾਲ ਜਾਣੀ ਜਾਂਦੀ ਹੈ—ਪਹਿਲੀ ਬੀੜ ਕਰਤਾਰਪੁਰ ਵਾਲੀ ਬੀੜ ਸਾਹਿਬ ਕਹਿਲਾਉਂਦੀ ਹੈ, ਇਸ ਦੇ ਬਾਰੇ ਵਿਚ ਕਥਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੁਵਾਰਾ ਭਾਈ ਗੁਰਦਾਸ ਜੀ ਤੋਂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾ ਕੇ ਜਿਲਦ ਬਣਾਉਣ ਵਾਸਤੇ ਮਾਂਗਟ ਪਿੰਡ ਦੇ ਨਿਵਾਸੀ ਭਗਤ-ਜਨਾਂ ਨੂੰ ਲਾਹੌਰ ਭੇਜਿਆ ਸੀ। ਰਸਤੇ ਵਿਚ ਹੀ ਭਾਈ ਬੰਨੋ ਜੀ ਨੇ ਆਦਿ ਬੀੜ ਦੀ ਇਕ ਪ੍ਰਤੀ ਲਿਪੀ ਤਿਆਰ ਕਰ ਲਈ ਅਤੇ ਦੋਨਾਂ ਦੀ ਜਿਲਦ ਬਣਵਾ ਕੇ ਲੈ ਆਏ। ਗੁਰੂ ਮਹਾਰਾਜ ਨੇ ਪੁੱਛਿਆ ਕਿ ਬੀੜਾਂ ਦੋ ਕਿਸ ਤਰ੍ਹਾਂ ਹੋ ਗਈਆਂ ਹਨ, ਤਾਂ ਭਾਈ ਬੰਨੋ ਜੀ ਨੇ ਕਿਹਾ—"ਬੰਨੋ ਕਹਾ ਪ੍ਰਭ ਤੁਮ ਜਾਨੋ, ਸੰਗਤ ਹਿਤ ਮੈਂ ਉਦਯ ਠਾਨੋ। ਪਰਉਪਕਾਰ ਗੁਰੂ ਤਹਿ ਦਿਖ ਗਈ ਦਸਖਤ ਕਰੇ ਸੁ ਪ੍ਰਭੁ ਸੁਖਦਾਈ। ਦੂਉਂ ਹੀ ਮੁਖ ਗ੍ਰੰਥ ਬੀੜ ਦੋ ਭਾਈ, ਇਕ ਗੁਰਦਾਸ ਇਕ ਬਤਨਾ ਕਈ।"

ਤੀਜੀ ਪ੍ਰਕਾਰ ਦੀ ਬੀੜ ਦਮਦਮਾ ਸਾਹਿਬ ਵਾਲੀ ਬੀੜ ਕਹਿਲਾਉਂਦੀ ਹੈ। ਪਹਿਲਾਂ ਦੋਨਾਂ ਬੀੜਾਂ ਵਿਚ ਪੰਚਮ ਗੁਰੂ ਤਕਗ ਦੀ ਬਾਣੀ ਸੰਗਠਿਤ ਹੈ। ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਦਿ ਗ੍ਰੰਥ ਦੀ ਪ੍ਰਾਪਤ ਬੀੜ ਦੇ ਆਧਾਰ 'ਤੇ ਇਕ ਬੀੜ ਤਿਆਰ ਕਰਵਾਈ। ਇਸ ਵਿਚ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਬਾਣੀ ਵੀ ਸ਼ਾਮਲ

ਕੀਤੀ ਗਈ। ਸ੍ਰੀ ਦਮਦਮਾ ਸਾਹਿਬ ਵਿਚ ਇਸ ਦਾ ਸੰਪਾਦਨ ਕੀਤਾ ਗਿਆ। ਇਸ ਵਾਸਤੇ ਇਸ ਨੂੰ ਦਮਦਮਾ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਹੈ। ਅੱਜ ਤੋਂ ੩੦੦ ਸਾਲ ਪਹਿਲਾਂ ਸੰਨ ੧੭੦੮ ਵਿਚ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਬੀੜ ਦੇ ਸਾਹਮਣੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਬਾਣੀ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਨਾਂਦੇੜ ਦੀ ਪਾਵਨ ਪਵਿੱਤਰ ਧਰਤੀ ਉਪਰ ਗੁਰਗੱਦੀ ਬਖ਼ਸ਼ਿਸ਼ ਕੀਤੀ ਸੀ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਰੇ ਵਿਦਵਾਨਾਂ ਦੇ ਵਿਚਾਰ :**

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਮੱਧਯੁਗ ਸਾਹਿਤ ਅਤੇ ਸਮਾਜ ਦਾ ਦਰਪਣ ਹੈ। ਇਸ ਗ੍ਰੰਥ ਵਿਚ ਸੰਪੂਰਨ ਭਾਰਤ ਦਾ ੧੧ਵੀਂ ਸਦੀ ਤੋਂ ਲੈ ਕੇ ੧੭ਵੀਂ ਸਦੀ ਦਾ ਲਗਭਗ ੫੦੦ ਸਾਲਾਂ ਦਾ ਅਧਿਆਤਮਿਕਠ ਸਭਿਆਚਾਰਕ, ਸਮਾਜਿਕ, ਇਤਿਹਾਸਕ ਅਤੇ ਸਾਹਿਤਕ ਇਤਿਹਾਸ ਰੇਖਾਕਿਤ ਹੋਇਆ ਹੈ। ਵੱਖ-ਵੱਖ ਪ੍ਰਾਂਤਾਂ ਅਤੇ ਵੱਖ-ਵੱਖ ਜਾਤੀਆਂ ਨਾਲ ਸੰਬੰਧਿਤ ਭਗਤੀ ਲਹਿਰ ਦੇ ਨੁਮਾਇੰਦੇ ਕਵੀਆਂ ਦੀਆਂ ਰਚਨਾਵਾਂ ਇਸ ਗ੍ਰੰਥ ਵਿਚ ਸ਼ਾਮਲ ਹਨ। ਇਸ ਪ੍ਰਕਾਰ ਇਹ ਸੰਪੂਰਨ ਮੱਧਯੁਗ ਸਾਹਿਤ ਦੀ ਝਲਕੀ ਪੇਸ਼ ਕਰਦਾ ਹੈ। ਇਸ ਮਹਾਨ ਗ੍ਰੰਥ ਵਿਚ ਸ਼ਾਮਲ ਗੁਰੂ, ਭਗਤ, ਭੱਟ, ਕਵੀ ਇਕ ਪ੍ਰਕਾਰ ਤੋਂ ਭਾਰਤ ਤਾ ਸਮਾਜਿਕ ਅਤੇ ਸਾਹਿਤਕ ਇਤਿਹਾਸ ਰਚ ਰਹੇ ਹਨ। **—ਡਾ: ਹਰਮਿੰਦਰ ਸਿੰਘ ਬੇਦੀ।**

(੨) ਪੰਜਾਬ ਵਿਚ ਹਿੰਦੀ ਕਵੀਆਂ ਨੂੰ ਪ੍ਰਚਾਰਿਤ ਅਤੇ ਹਿੰਦੀ ਕਵੀਆਂ ਨੂੰ ਉਤਸਾਹਿਤ ਕਰਨ ਦਾ () ਅਸਲ ਸਾਡੇ ਗੁਰੂ ਨੂੰ ਹੀ ਜਾਂਦਾ ਹੈ। ਉਹਨਾਂ ਨੇ ਆਪਣੇ ਆਪ ਬ੍ਰਜ ਭਾਸ਼ਾ ਨੂੰ ਆਪਣੀ ਬਾਣੀ ਦਾ ਧੁਰਾ ਬਣਾਇਆ। **—ਡਾ: ਹਰਭਜਨ ਸਿੰਘ।**

(੩) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਭਾਰਤੀਆ ਚਿੰਤਨ ਅਤੇ ਸਭਿਆਚਾਰਕ ਦਾ ਇਤਿਹਾਸਕ ਦਸਤਾਵੇਜ਼ ਹੈ। ਇਹ ਮੱਧਕਾਲ ਦੇ ਸਿਖਰ ਭਗਤਾਂ ਦੀ ਬਾਣੀ ਦਾ ਪ੍ਰਮਾਣਿਕ ਸਮੂਹ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਇਸ ਮਹਾਨ ਫ਼ਲਸਫ਼ੇ ਦੀ ਰਚਨਾ ਨੂੰ ਗੁਰੂ ਪਦਵੀ ਦੇ ਨਾਲ ਸ਼ਸੋਭਿਤ ਕੀਤਾ। ਗੁਰਮਤ ਧਾਰਾ ਦਾ ਸਭ ਤੋਂ ਪਹਿਲਾ ਗ੍ਰੰਥ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਗੁਰਮਤ ਆਦਰਸ਼ ਦਾ ਸੰਕਲਪ ਗੁਰੂਆਂ ਨੇ ਆਪਣੀ ਬਾਣੀ ਵਿਚੋਂ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ। ਜਦੋਂਕਿ ਭਗਤਾਂ ਦੀ ਬਾਣੀ ਦਾ ਸੰਪਾਦਨ ਇਸ ਢੰਗ ਨਾਲ ਹੋਇਆ ਕਿ ਉਹ ਬਾਣੀ ਵੀ ਗੁਰਮਤ ਵਿਚਾਰਧਾਰਾ ਦਾ ਇਕ ਅੰਗ ਪ੍ਰਤੀਤ ਹੁੰਦੀ ਹੈ। **—ਡਾ: ਗੁਰਨਾਮ ਕੌਰ ਬੇਦੀ।**

(੪) ਇਹ ਗ੍ਰੰਥ ਅਸਲ ਵਿਚ ਇਕ ਲਾਮਿਸਾਲ ਗਿਆਨ ਕੋਸ਼ ਹੈ। ਜਿਸ ਤੋਂ ਨਾ ਕੇਵਲ ਧਰਮਤੱਤਵ ਨੂੰ ਅਧਿਆਤਮਿਕ ਸਰੂਪ ਦੀ ਇਕ ਅਨੋਖੀ ਝਲਕੀ ਮਿਲਦੀ ਹੈ, ਬਲਕਿ ਇਸ ਦੀ ਗਹਿਰਾਈ ਦੇ ਅਹਿਸਾਸੇ ਨੂੰ ਅਧਾਰ ਬਣਾਉਣ ਵਾਲੇ ਇਕ ਸਰਵਪੱਖੀ ਮਨੁੱਖੀ ਜੀਣ ਦੀ ਉਸਾਰੀ ਦੀ ਪ੍ਰੇਰਣਾ ਗ੍ਰਹਿਣ ਕੀਤੀ ਜਾ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕੇਵਲ ਸਿੱਖਾਂ ਦਾ ਧਾਰਮਿਕ ਗ੍ਰੰਥ ਹੀ ਨਹੀਂ ਬਲਕਿ ਉਸ ਦੀ ਪ੍ਰੇਰਣਾ ਅਤੇ ਨਵੇਂ ਜੋਸ਼ ਦਾ ਇਕੱਲਾ ਸਾਧਨ ਵੀ ਹੈ। **—ਡਾ: ਪਰਸੂਰਾਮ ਚਤੁਰਵੇਦੀ।**

(੫) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਹੜੀ ਸੰਪਾਦਨਾ ਤੱਤ ਦੀ ਸਿਰਜਣਾ ਹੈ ਉਹ ਖ਼ਾਸ ਰੂਪ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਹੀ ਦੇਣ ਹੈ। ਇਸ ਤਰ੍ਹਾਂ ਗੁਰੂਦੇਵ ਪੰਜਾਬੀ ਸਾਹਿਤਕ ਖੇਤਰ ਵਿਚ ਪਹਿਲੇ ਸੰਪਾਦਕ ਵਜੋਂ ਸਾਡੇ ਸਾਹਮਣੇ ਹਨ। **—ਡਾ: ਤਾਰਨ ਸਿੰਘ।**

(੬) ਉਸ ਸਮੇਂ ਦੀ ਹਕੀਕਤ ਵਿਚ ਜ਼ਿੰਦਗੀ-ਮੌਤ, ਅਮੀਰੀ-ਗਰੀਬੀ, ਇੱਜ਼ਤ-ਬੇਇੱਜ਼ਤੀ ਦਾ ਜਿਹੜਾ ਵੀ ਜਾਤੀ ਦੇ ਆਧਾਰ 'ਤੇ ਪੱਖਪਾਤ ਵੇਖਿਆ ਸ਼ਾਇਦ ਭੋਗਿਆ ਵੀ, ਇਸ ਲਈ ਉਹਨਾਂ ਨੇ ਜਾਤ-ਪਾਤ, ਮੱਤਵਾਦ ਅਤੇ ਪੰਥ-ਮਜ਼ਹਬਾਂ ਦੇ ਘੇਰੇ ਵਿਚ ਤੰਗਨਜ਼ਰੀਏ ਦੀਆਂ ਹੱਦਾਂ ਤੋਂ ਉਪਰ ਉਠ ਕੇ ਇਨਸਾਨੀਅਤ ਦੇ ਹਮੇਸ਼ਾ ਬਣੀ ਰਹਿਣ ਵਾਲੀਆਂ ਕਦਰਾਂ ਅਤੇ ਕੀਮਤਾਂ ਦੀ ਸਥਾਪਨਾ ਕੀਤੀ ਅਤੇ ਭਾਰਤ ਨੂੰ ਗਿਰਾਵਟ-ਭਰੀ ਸਭਿਆਚਾਰਕ ਸਥਿਤੀ ਤੋਂ ਉਪਰ ਉਠਾ ਕੇ ਰਾਸ਼ਟਰੀ ਅਣਖ ਦੀ ਕਥਾ ਕਹਿ ਸਕਣ ਲਈ ਸਮਰੱਥ ਬਣਾਇਆ। **—ਡਾ: ਮਨਮੋਹਨ ਸਹਿਗਲ।**

(੭) ਗ੍ਰੰਥ ਅਧਿਆਤਮਕ ਰਚਨਾ ਹੋਣ ਕਾਰਣ ਉਸ ਵਿਚ ਭਾਵ ਅਤੇ ਵਿਚਾਰਾਂ ਨੂੰ ਹੀ ਪ੍ਰਦਾਨਤਾ ਮਿਲੀ ਹੈ। ਕਲਪਨਾ ਉਸ ਦੇ ਸੋਹਣੇਪਨ ਨੂੰ ਵਧਾਉਂਦੀ ਹੈ। ਭਾਸ਼ਾ ਅਤੇ ਸ਼ੈਲੀ ਭਾਵਾਂ ਦੇ ਮੁਤਾਬਿਕ ਠੀਕ ਰੂਪ ਵਿਚ ਉਸ ਦੇ ਬਿਆਨ ਕਰਨ ਵਾਲੇ ਪੱਖ ਨੂੰ ਸਫਲ ਬਣਾਉਣ ਵਿਚ ਮਦਦਗਾਰ ਸਾਬਿਤ ਹੋਈ ਹੈ। **—ਡਾ: ਧਰਮਪਾਲ ਮੈਣੀ।**